# ਕਲ੍ਹ, ਅੱਜ ਤੇ ਭਲਕ

(ਡਰਾਮਾ)

ਇਹ ਨਾਟਕ ਪਹਿਲੀ ਵਾਰ ਸ੍ਰੀ ਹਰਪਾਲ ਟਿਵਾਣਾ ਦੀ ਨਿਰਦੇਸ਼ਨਾ ਹੇਠ ਪੰਜਾਬ ਕਲਾ ਮੰਚ ਵਲੋਂ ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ ਵਿਚ ੨੭ ਮਾਰਚ, ੧੯੭੧ ਨੂੰ ਖੇਡਿਆ ਗਿਆ।

**ਇਸੇ ਕਲਮ ਤੋਂ**

ਨਾਟਕ : ਸ਼ੋਭਾ ਸਿੰਘ, ਕੰਚਨ ਮਾਟੀ, ਰੱਤਾ ਸਾਲੂ, ਪੁੰਨਿਆਂ ਦਾ ਚੰਨ, ਮਿਟੀ ਧੁੰਧ ਜਗਿ ਚਾਨਣ ਹੋਆ, ਅਨਜੋੜ, ਦੋਸ਼, ਰਾਜਾ ਪੋਰਸ ਆਦਿ।

ਇਕਾਂਗੀ : ਚਮਕੌਰ ਦੀ ਗੜ੍ਹੀ, ਮੁੜ੍ਹਕੇ ਦੀ ਖ਼ੁਸ਼ਬੋ, ਜੀਵਨ ਲੀਲ੍ਹਾ, ਮੇਰੇ ਚੋਣਵੇਂ ਇਕਾਂਗੀ।

ਕਹਾਣੀਆਂ : ਸਿੱਪੀਆਂ ਅਤੇ ਨਵੀਂ ਸਵੇਰ।

ਸੰਪਾਦਤ : ਪੰਜਾਬੀ ਸਾਹਿਤ ਧਾਰਾ, ਪੰਜਾਬੀ ਬਾਤ ਚੀਤ, ਨੰਦਾ ਦੇ ਸਾਰੇ-ਦੇ-ਸਾਰੇ ਨਾਟਕ, ਸਾਹਿਤਕਾਰ ਨੰਦਾ।

ਆਲੋਚਨਾ : ਪੰਜਾਬੀ ਵਾਰਤਕ ਦਾ ਜਲਮ ਤੇ ਵਿਕਾਸ ਅਤੇ ਪੰਜਾਬੀ ਨਾਟਕ ਕਲਾ।

ਨਵਯਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ

## ਜ਼ਰੂਰੀ ਸੂਚਨਾ

ਇਸ ਨਾਟਕ ਨੂੰ ਖੇਡਣ ਲਈ ਨਾਟਕਕਾਰ ਦੀ ਲਿਖਤੀ ਆਗਿਆ ਲੈਣੀ ਜ਼ਰੂਰੀ ਹੈ। ਆਗਿਆ ਲੈਣ ਲਈ ਹੇਠ ਲਿਖੇ ਪਤੇ ਤੇ ਚਿੱਠੀ ਪੱਤਰ ਕਰੋ:


ਡਾ. ਹਰਚਰਨ ਸਿੰਘ

ਪ੍ਰੋਫ਼ੈਸ ਤੇ ਹੈੱਡ, ਪੰਜਾਬੀ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ



ਪਹਿਲੀ ਵਾਰ : ੧੯੭੨

ਦੂਜੀ ਵਾਰ : ੧੯੭ ◎

ਪ੍ਰਕਾਸ਼ਕ:

ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ

ਮੁੱਲ : 15 ਰੁਪਏ

ਹਰਬਖ਼ਸ਼ ਸਿੰਘ ‘ਲਾਟਾ’ ਦੇ ਨਾਂ

ਸੁਪਨਿਆਂ, ਤੂੰ ਸੁਲਤਾਨ ਹੈਂ
ਉੱਤਮ ਤੇਰੀ ਜਾਤ,
ਸੌ ਬਰਸਾਂ ਦੇ ਵਿਛੜੇ
ਆਣ ਮਿਲਾਵੇਂ ਰਾਤ।

**ਪੰਜਾਂ ਵਕਤਾਂ ਦਾ ਵੇਰਵਾ**

1. ਸੰਧਿਆ ਵੇਲਾ
2. ਪਹਿਲੀ ਰਾਤ
3. ਅੱਧੀ ਰਾਤ
4. ਤੜਕਸਾਰ
5. ਦਿਨ ਦਾ ਚੜ੍ਹਾਅ

ਨਾਟਕ ਦੇ ਪਾਤਰ ਸਭ ਕਲਪਿਤ ਹਨ।

ਬੀਤ ਚੁੱਕੀ ਕਲ੍ਹ, ਅਜ ਦੀ ਯਾਦ ਹੈ ਤੇ
ਆਉਣ ਵਾਲੀ ਭਲਕ ਅਜ ਦਾ ਸੁਪਨਾ।
— ਖ਼ਲੀਲ ਜਿਬਰਾਨ

**ਪਾਤਰ**

(ਪ੍ਵੇਸ਼ ਕਰਮ ਅਨੁਸਾਰ)

| | | |
|---|---|---|
| ਪ੍ਰੇਮੋ | : | ਡੇਰੇ ਦੀ ਟਹਿਲਣ |
| ਗੁਰਾਂ | : | ਇਕ ਮੁਟਿਆਰ |
| ਸਾਧੂ | : | ਮਹੰਤ ਦਾ ਚੇਲਾ |
| ਦੋ ਮੁਸਾਫ਼ਰ | : | ਅਸਲ ਵਿਚ ਸੂਹੀਏ |
| ਭਲਵਾਨ | : | ਪਿੰਡ ਦਾ ਚੌਧਰੀ |
| ਜ਼ੈਲਦਾਰ | : | ਇਕ ਹੁਸ਼ਿਆਰ ਬੰਦਾ |
| ਚਰਨ ਦਾਸ | : | ਡੇਰੇ ਦਾ ਮਹੰਤ |
| ਸੁੱਚਾ ਸਿੰਘ | : | ਸਾਬਕ ਐਮ. ਐਲ. ਏ. |
| ਭਾਗ ਮਲ | : | ਪਿੰਡ ਦਾ ਸ਼ਾਹੂਕਾਰ |
| ਰੁਲੀਆ ਤੇ ਜਮਾਲਾ | : | ਮਰਾਸੀ |
| ਚੰਨਨ | : | ਟਰੱਕਾਂ ਵਾਲਾ |
| ਮਾਸਟਰ | : | ਲਾਜਵੰਤੀ ਦਾ ਪਿਤਾ |
| ਕਵੀਸ਼ਰ | : | |
| ਮੁੰਡਾ | | |
| ਲਾਜਵੰਤੀ | : | ਸਕੂਲ ਦੀ ਮੁਖ ਅਧਿਆਪਕਾ |
| ਮਾਈ | : | |
| ਸਰਪੰਚ | | |
| ਹਰੀ ਜਨ ਨੇਤਾ | : | |
| ਨੌਜਵਾਨ | : | |
| ਪ੍ਰਤੀਨਿਧ ਇਸਤ੍ਰੀ | : | |
| ਦੋ ਬਾਗੀ ਲੜਕੇ | : | |
| ਥਾਣੇਦਾਰ | : | |
| ਬੰਤਾ ਸਿੰਘ | : | ਸਿਪਾਹੀ |

ਜਲੂਸ ਵਿਚ ਬਹੁਤ ਸਾਰੇ ਪਿੰਡ ਦੇ ਲੋਕ

# ਨਾਟਕ ਬਾਰੇ ਦੋ ਗੱਲਾਂ

**ਪਹਿਲੀ, ਉਪਜ ਬਾਰੇ** :

ਮੈਂ ਆਪਣਾ ਪਹਿਲਾ ਰੁਮਾਂਚਕ ਸੁਖਾਂਤ 'ਕਮਲਾ ਕੁਮਾਰੀ' 1937 ਵਿਚ ਬੀ. ਏ. ਦਾ ਇਮਤਿਹਾਨ ਦੇਣ ਤੋਂ ਛੇਤੀ ਬਾਦਅ ਡੇਹਰਾਦੂਨ ਵਿਚ ਲਿਖਿਆ ਸੀ। ਬੀ. ਏ. ਵਿਚ ਸ਼ੈਕਸਪੀਅਰ ਦੇ ਰੁਮਾਂਚਕ ਸੁਖਾਤ ਨਾਟਕ ਪੜ੍ਹੇ ਸਨ। ਉਨ੍ਹਾਂ ਦਾ ਮਨ ਉੱਤੇ ਤਾਜ਼ਾ ਪ੍ਰਭਾਵ ਸੀ। ਮੈਂ ਉਦੋਂ ਤਕ ਜ਼ਿੰਦਗੀ ਦੀ ਖੁਲ੍ਹੀ, ਪੁਸਤਕ ਦੇ ਪੰਨੇ ਘਟ ਪੜ੍ਹੇ ਸਨ, ਕਿਤਾਬੀ ਇਲਮ ਹੀ ਹਾਸਲ ਕੀਤਾ ਸੀ। ਇਸ ਕਰ ਕੇ ਨਾਟਕ ਦੀ ਉਪਜ ਅਚੇਤ ਹੀ ਹੋਈ ਸੀ। ਸਬੱਬ ਦੀ ਗੱਲ ਹੈ, ਤੇਤੀ ਸਾਲਾਂ ਬਾਅਦ ਇਸ ਸੁਖਾਂਤ ਨਾਟਕ ਦੀ ਰਚਨਾ ਵੀ ਉਸੇ ਸ਼ਹਿਰ ਵਿਚ ਹੋਈ, ਜਿਥੇ ਈਸ਼ਵਰ ਚੰਦਰ ਨੰਦਾ ਨੇ ਆਪਣਾ ਮੁੱਢਲਾ ਸੁਖਾਂਤ 'ਸੁਭੱਦਰਾ' ਪ੍ਰੋ. ਪੂਰਨ ਸਿੰਘ ਨੂੰ ਸੁਣਾਇਆ ਸੀ।

ਪਿਛਲੇ ਸਾਲ ਗਰਮੀ ਦੀਆਂ ਛੁੱਟੀਆਂ ਵਿਚ ਕੁਝ ਦਿਨਾਂ ਲਈ ਮੈਂ ਆਪਣੇ ਪਰਮ ਮਿੱਤਰ ਸ. ਨਰੰਜਨ ਸਿੰਘ ਬਾਜਵਾ,ਕੋਲ ਡੇਹਰਾਦੂਨ (15/ਬੀ ਰਾਜਪੁਰਾ ਰੋਡ) ਠਹਿਰਿਆ ਹੋਇਆ ਸਾਂ। ਇਕ ਸ਼ਾਮ ਨੂੰ ਬੈਠੇ ਬੈਠੇ ਇਸ ਨਾਟਕ ਦਾ ਸਹਿਜ-ਸੁਭਾਅ ਫੁਰਨਾ ਫੁਰਿਆ। ਅਸਲ ਵਿਚ ਉਸ ਨਿਮਨ-ਛਿਣ ਪਿਛੇ ਕਈ ਸਾਲਾਂ ਦਾ ਜੀਵਨ ਅਨੁਭਵ, ਅਧਿਅਨ ਤੇ ਸਮਾਜਕ ਵਾਤਾਵਰਣ ਦਾ ਗੁੱਝਾ ਹੱਥ ਸੀ।

ਹਰ ਲਿਖਤ ਉਤੇ ਸਮੇਂ ਦੀ ਸਥਿਤੀ ਦੀ ਅਮੁਕ ਮੋਹਰ ਲੱਗੀ ਹੁੰਦੀ ਹੈ। ਜੋ ਕੁਝ ਆਲੇ ਦੁਆਲੇ ਵਾਪਰਦਾ ਹੈ, ਉਸ ਤੋਂ ਇਕ ਕਲਾਕਾਰ ਅੱਖਾਂ ਬੰਦ ਨਹੀਂ ਕਰ ਸਕਦਾ। ਸਮਾਜ ਦੀ ਨਿਘਰੀ ਹਾਤਲ ਵਿਚ ਇਕ ਮੂਰਖ ਜਾਂ ਕਾਇਰ ਹੀ ਸੁਖ ਦੀ ਨੀਂਦੇ ਸੌਂ ਸਕਦਾ ਹੈ। ਸੂਝਵਾਨ ਪੁਰਸ਼ ਨੂੰ ਹਾਸ਼ਮ ਦੇ ਕਹਿਣ ਅਨੁਸਾਰ, ਦਿਨ ਰਾਤ ਸਮਝ ਸਤਾਉਂਦੀ ਹੈ। ਉਹਦੀ ਆਵਾਜ਼ ਨੂੰ ਕਲਾ ਦਾ ਰੂਪ ਦੇਣ ਲਈ ਮਜਬੂਰ ਹੋਣਾ ਪੈਂਦਾ ਹੈ। ਸਰਬ ਵਿਆਪਕ ਭਰਿਸ਼ਟਾਚਾਰ ਤੇ ਕੌਮੀ ਆਚਰਨ ਦੀ ਵਰਤਮਾਨ ਅਤਿ ਨਿਘਰੀ ਅਵਸਥਾ ਵਿਰੁਧ ਇਕ ਰਾਜਨੀਤਕ ਆਗੂ ਭਾਸ਼ਨ ਦੇਣ ਦਾ ਢੌਂਗ ਰਚ ਸਕਦਾ ਹੈ, ਪਰ ਇਕ ਲੇਖਕ ਕਲਾਮਈ ਢੰਗ ਨਾਲ ਆਪਣੇ ਹਿਰਦੇ ਦੀ ਆਵਾਜ਼ ਲੋਕਾਂ ਤਕ ਪੁਚਾਉਂਦਾ ਹੈ। ਕਈ ਦਫ਼ਾ ਹਾਸ-ਰਸ ਦੇ ਵਿਅੰਗਾਤਮਕ ਹਥਿਆਰ ਨਾਲ ਉਹ ਜਨਤਾ ਨੂੰ ਬੇਹੋਸ਼ੀ ਤੋਂ ਉਠਾਉਂਦਾ ਹੈ।

ਨਾਅਕ ਕਲਾ ਨੂੰ ਮੈਂ ਨਿਰਾ ਮਨ-ਪ੍ਰਚਾਵੇ ਦਾ ਸਾਧਨ ਨਹੀਂ ਸਮਝਦਾ। ਇਸ ਨੂੰ ਮੈਂ ਸਭ ਤੋਂ ਸ਼ਕਤੀਸ਼ਾਲੀ ਸਭਿਆਚਾਰਕ ਕਲਾ ਮਾਧਿਅਮ ਮੰਨਦਾ ਹਾਂ, ਕਿਉਂਕਿ ਇਸ ਦੀ ਲੋਕਾਂ ਦੇ ਮਨਾਂ ਅਤੇ ਦਿਲਾਂ ਤੱਕ ਸਿੱਧੀ ਪਹੁੰਚ ਹੁੰਦੀ ਹੈ। ਇਸ ਨਾਟਕ ਦਾ ਯਥਾਰਥ ਉਂਜ ਵੀ ਜੀਵਨ ਦੇ ਯਥਾਰਥ ਨਾਲੋਂ ਵਧੇਰੇ ਸੱਚਾ ਤੇ ਪ੍ਰਭਾਵਸ਼ਾਲੀ ਹੁੰਦਾ ਹੈ। ਇਸ ਲੋਕ-ਤੰਤਰਾਤਮਿਕ (Democratic) ਕਲਾ ਰਾਹੀਂ ਮੈਂ ਅਜੋਕੇ ਸਮਾਜ ਨੂੰ ਨੰਗਾ ਕਰਨ ਦਾ ਜਤਨ ਕੀਤਾ ਹੈ। ਹਰ ਦੇਸ ਤੇ ਹਰ ਕਾਲ ਵਿਚ ਲਕੋਾਂ ਨੇ ਕਿਸੇ ਨਾ ਕਿਸੇ ਵਿਅਕਤੀ ਨਾਲ ਲਤੀਫ਼ੇ ਜੋੜੇ ਹੁੰਦੇ ਹਨ। ਹਰ ਲਤੀਫੇ ਪਿਛੇ ਅਸਲੀਅਤ ਦਾ ਕੁਝ ਨਾ ਕੁਝ ਅੰਸ਼ ਹੁੰਦਾ ਹੈ, ਵਿਅੰਗ ਵੀ ਤਾਂ ਹੀ ਕੱਸਿਆ ਜਾ ਸਕਦਾ ਹੈ। ਪੰਜਾਬ ਦੀ ਵੰਡ ਤੋਂ ਪਹਿਲਾਂ ਤੇ ਪਿੱਛੋਂ ਵੀ ਇਕ ਅੰਧ ਮੰਤਰੀ ਲੋਕਾਂ ਦੇ ਠੱਠੇ ਮਖੌਲ ਦਾ ਨਿਸ਼ਾਨਾ ਬਣਿਆ ਰਿਹਾ ਹੈ। ਸ੍ਰੀ ਗਿੱਲ ਦੀ ਵਜ਼ਾਰਤ ਸਮੇਂ ਤਾਂ ਲੋਕਾਂ ਨੂੰ ਹਾਸੇ ਤਮਾਸ਼ੇ ਦਾ ਕੁਝ ਵਧੇਰੇ ਹੀ ਮਸਾਲਾ ਮਿਲਿਆ ਸੀ। ਪੰਜਾਬ ਦੀਆਂ ਲੋਕ-ਕਥਾਵਾਂ ਵਿਚ ਵੀ ਫ਼ਕੀਰਾਂ ਤੋਂ ਰਾਜੇ ਬਣਨ ਦੇ ਰੱਬੀ ਕੌਤਕਾਂ ਦਾ ਆਮ ਜ਼ਿਕਰ ਮਿਲਦਾ ਹੈ। ਇਸ ਨਾਟਕ ਵਿਚ ਇਕ ਭਰਿਸ਼ਟ ਮਹੰਤ ਦੇ ਰਾਜ ਮੰਤਰੀ ਬਣਨ ਦੇ ਸੁਪਨੇ ਸਾਕਾਰ ਕੀਤੇ ਗਏ ਹਨ। ਸੁਪਨੇ ਆਮ ਤੌਰ ਤੇ ਮਨੁੱਖੀ ਮਨ ਦੀਆਂ ਦੱਬੀਆਂ ਘੁਟੀਆਂ ਆਸਾਂ ਉਮੰਗਾਂ ਦਾ ਰੂਪ ਧਾਰਦੇ ਹਨ। ਸੁਪਨੇ ਅੰਦਰ ਸਮੇਂ ਤੇ ਸਥਾਨ ਦੇ ਪਾੜੇ ਵੀ ਮਿਟ ਜਾਂਦੇ ਹਨ।

ਮੈਂ ਇਸ ਨਾਟਕ-ਕਲਾ ਦੇ ਨੇਮਾਂ ਦੀ ਅੰਨ੍ਹੇਵਾਹ ਪਾਲਣਾ ਨਹੀਂ ਕੀਤੀ। ਤਕਨੀਕ ਤਾਂ ਕੇਵਲ ਬੱਝਵਾਂ ਤੇ ਲੋੜੀਂਦਾ ਪ੍ਰਭਾਵ ਪਾਉਣ ਦੀ ਇਕ ਵਿਧੀ ਹੈ। ਮੌਲਕ ਵਿਚਾਰ ਆਪਣਾ ਰੂਪ ਆਪ ਧਾਰਦਾ ਹੈ।

**ਦੂਜੀ, ਖੇਡਣ ਬਾਰੇ :**

ਨਾਟਕਕਾਰ ਦਾ ਕਰਤੱਵ ਕਲਾਮਈ ਸੱਚ ਨੂੰ ਪ੍ਰਗਟਾਉਣਾ ਹੀ ਨਹੀਂ ਹੁੰਦਾ, ਸਗੋਂ ਉਸ ਸੱਚਾਈ ਨੂੰ ਸੁੰਦਰ ਤੇ ਦਿਲਚਸਪ ਢੰਗਨਾਲ ਪੇਸ਼ ਕਰਨਾ ਵੀ ਹੁੰਦਾ ਹੈ। ਸਜੀਲੀ ਪੇਸ਼ਕਾਰੀ ਲਈ ਉਹ ਕਈ ਢੰਗਾਂ ਦੀ ਵਰਤੋਂ ਕਰਦਾ ਹੈ।

ਪ੍ਰਸਿੱਧ ਅਖਾਣ ਹੈ ਕਿ ਨਾਟਕ ਦੇ ਨੇਮਮੰਚ ਵਿਚ ਬੈਠੇ ਦਰਸ਼ਕ ਘੜਦੇ ਹਨ। ਇਹ ਨਾਟਕ ਰਚਨ ਸਮੇਂ ਮੈਂ ਆਪਣੇ ਮਨ ਨੂੰ ਦਰਸ਼ਕ ਦੇ ਰੂਪ ਵਿਚ ਸਾਹਮਣੇ ਬਿਠਾਇਆ ਹੈ ਕਿ ਖਿਡਾਰੀਆਂ ਅਤੇ ਦਰਸ਼ਕਾਂ ਨੂੰ ਧਿਆਨ ਵਿਚ ਰਖੇ ਬਿਨਾਂ ਕੋਈ ਵੀ ਚੰਗਾ ਤੇ ਖੇਡਣਯੋਗ ਨਾਟਕ ਨਹੀਂ ਲਿਖਿਆ ਜਾ ਸਕਦਾ।

ਇਸ ਨਾਟਕ ਦਾ ਅਸਲ ਸਮਾਂ ਸੰਧਿਆ ਤੋਂ ਆਰੰਭ ਹੋ ਕੇ ਦਿਨ ਦੇ ਚੜ੍ਹਾ ਤੇ ਜਾ ਕੇ ਖ਼ਤਮ ਹੁੰਦਾ ਹੈ। ਪਰ ਤਿੰਨ ਸੁਪਨਿਆਂ ਅੰਦਰ ਸਮੇਂ ਸਮੇਂ ਤੇ ਸਥਾਨ ਅਸਲੋਂ ਵਖੋ ਵਖਰੇ ਹਨ। ਜੇ ਕਾਰਜ ਨੂੰ ਸ਼ੁਰੂ ਤੋਂ ਅਖੀਰ ਤਕ ਲਗਾਤਾਰ ਰਖਿਆ ਜਾਵੇ ਤਾਂ ਇਸ ਦਾ ਇਕਾਗਰ ਤੇ ਡੂੰਘਾ ਪ੍ਰਭਾਵ ਪੈ ਸਕਦਾ ਹੈ। ਦਰਸ਼ਕਾਂ ਨੂੰ ਪਹਿਲੋਂ ਸੂਚਿਤ ਕੀਤਾ ਜਾਵੇ ਕਿ ਖੇਲ ਬਿਨਾ ਵਕਫ਼ੇ ਦੇ ਅੰਤ ਤਕ ਪੁਜੇਗਾ। ਰੌਸ਼ਨੀ ਦੀ ਸਹਾਇਤਾ ਨਾਲ ਸਮੇਂ ਤੇ ਸਥਾਨ ਦੀ ਤਬਦੀਲੀ ਪ੍ਰਗਟਾਈ ਜਾ ਸਕਦੀ ਹੈ।

ਮਹੰਤ ਦੇ ਸੁਪਨਿਆਂ ਦੇ ਕੁਝ ਪਾਤਰ ਅਸਲ ਜ਼ਿੰਦਗੀ ਵਿਚੋਂ ਹਨ ਤੇ ਕੁਝ ਕਲਪਿਤ। ਵੇਸ਼ ਭੂਸ਼ਾ ਵਿਚ ਦੋਹਾਂ ਦਾ ਜ਼ਾਹਰਾ ਫ਼ਰਕ ਦਿਖਾਇਆ ਜਾਣਾ ਚਾਹੀਦਾ ਹੈ। ਸੁਪਨੇ ਵਿਚ ਕਲਪਨਾ ਦੀ ਪਾਹ ਬੰਦੇ ਨੂੰ ਵਧੇਰੇ ਰੰਗੀਨ ਬਣਾ ਦੇਂਦੀ ਹੈ।

ਬਾਗ਼ੀ ਆਵਾਜ਼ ਅਸਲ ਵਿਚ ਜਨਤਾ ਦੀ ਆਵਾਜ਼ ਹੈ। ਜੇ ਹੋ ਸਕੇ ਤਾਂ ਇਕ ਇਕ ਜਾਂ ਦੋ ਦੋ ਪਾਤਰ ਮੰਚ ਦੇ ਦੋਹੀਂ ਪਾਸੀ ਉਪਰ ਬਿਠਾ ਦੇਣੇ ਚਾਹੀਦੇ ਹਨ। ਜੇ ਉਹ ਦਰਸ਼ਕਾਂ ਵਿਚ ਬੈਠ ਕੇ ਬੋਲਣਗੇ ਤਾਂ ਰੌਲਾ-ਰੱਪਾ ਪੈਣ ਦਾ ਡਰ ਹੈ। ਖੇਲ ਬਾਰੇ ਉਨ੍ਹਾਂ ਦੇ ਚਿਹਰਿਆਂ ਦੇ ਹਾਵਭਾਵ ਦਰਸ਼ਕਾਂ ਨੂੰ ਦਿਸਣੇ ਚਾਹੀਦੇ ਹਨ। ਉਨ੍ਹਾਂ ਦੇ ਪ੍ਰਤੀਕਰਮ ਦਵਾਰਾ ਨਿਰਦੇਸ਼ਕ ਨੂੰ ਲੋੜੀਂਦਾ ਪ੍ਰਭਾਵ ਪਾਉਣ ਵਿਚ ਸਹਾਇਤਾ ਮਿਲੇਗੀ।

ਨਿਰਦੇਸ਼ਕ ਨੂੰ ਨਾਟਕ ਦੀ ਪੇਸ਼ਕਾਰੀ ਬਾਰੇ ਬਹੁਤ ਖੁਲ੍ਹ ਹੁੰਦੀ ਹੈ। ਇਕ ਸੁਚੱਜਾ ਨਿਰਦੇਸ਼ਕ ਬੜੀ ਸੂਝ ਤੇ ਮਿਹਨਤ ਨਾਲ ਨਾਟਕ ਨੂੰ ਮੰਚ ਤੇ ਸਜੀਵ ਕਰਦਾ ਹੈ। ਮੇਰਾ ਸੁਝਾਅ ਹੈ ਕਿ ਪਹਿਲੀ ਤੇ ਆਖ਼ਰਜੀ ਝਾਕੀ ਵਿਚ ਮੰਚ ਸਜਾਵਟ ਸੁਝਾਊ, ਜਾਂ ਅਟਲਵਾਦੀ ਰਖੀ ਜਾਵੇ, ਪਰ ਸੁਫ਼ਨਿਆਂ ਦੀਆਂ ਤਿੰਨੇ ਝਾਕੀਆਂ ਵਿਚ ਵਖੋ ਵਖ ਭਾਂਤ ਦੀ ਚਿੰਨ੍ਹਵਾਦੀ, ਤੇ ਰੰਗੀਨ ਸੈਟਿੰਗ ਰੱਖੀ ਜਾਵੇ। ਸੁਪਨੇ ਦੀਆਂ ਝਾਕੀਆਂ ਦੀ ਐਕਟਿੰਗ ਵਿਚ ਵੀ ਦੂਜੀਆਂ ਨਾਲੋਂ ਕੁਝ ਨਾਕੁਝ ਅੰਤਰ ਹੋਣਾ ਲਾਜ਼ਮੀ ਹੈ। ਸੁਪਨੇ ਵਿਚ ਸਮਾਂ ਉਂਜ ਵੀ ਤੇਜ਼ ਚਾਲ ਚਲਦਾ ਹੈ।

ਪੰਜਾਬੀ ਯੂਨੀਵਰਸਿਟੀ ਹਰਚਰਨ ਸਿੰਘ

ਪਟਿਆਲਾ

# ਕਲ੍ਹ, ਅੱਜ ਤੇ ਭਲਕ

ਸੰਧਿਆ ਵੇਲਾ।

ਫੱਗਣ ਦਾ ਮਹੀਨਾ।

ਸਾਧੂਆਂ ਦਾ ਇਕ ਡੇਰਾ। ਰੰਗ ਮੰਚ ਦੇ ਖੱਬੇ ਪਾਸੇ ਡੇਰੇ ਦੇ ਚਿੰਨ ਦਿਖਾਈ ਦਿੰਦੇ ਹਨ। ਇਕ ਰੱਸੀ ਉੱਤੇ ਭਗਵੇਂ ਕਪੜੇ — ਲੰਗੋਟ, ਚਾਦਰਾਂ, ਖੁਲ੍ਹੇ ਕੁੜਤੇ — ਟੰਗੇ ਹੋਏ ਦਿਖਾ ਦੇਣੇ ਹੀ ਕਾਫ਼ੀ ਹਨ। ਜੇਕਰ ਇਕ ਤਖ਼ਤਪੋਸ਼ ਰਖਿਆ ਜਾਵੇ ਤਾਂ ਹੋਰ ਵੀ ਚੰਗਾ ਹੈ। ਉਸ ਤੋਂ ਕਈ ਕੰਮ ਲਏ ਜਾ ਸਕਦੇ ਹਨ।

ਪਰਦਾ ਉੱਠਣ ਸਮੇਂ ਸੰਖ, ਘੜਿਆਲ ਤੇ ਨਰਸਿੰਗੇ ਦੀ ਧੁਨ, ਜੋ ਕਾਫੀ ਦੇਰ ਤਕ ਜਾਰੀ ਰਹਿਣੀ ਚਾਹੀਦੀ ਹੈ। ਸੂਰਜ ਡੁੱਬਣ ਤੋਂ ਬਾਅਦ ਸ਼ਾਮ ਦਾ ਘੁਸ ਮੁਸਾ ਹੋਣ ਕਾਰਨ ਇਕ ਅੱਧ ਤਾਰਾ ਹੀ ਚੋਰ ਝਾਤੀ ਮਾਰ ਰਿਹਾ ਹੈ। ਮੱਸਿਆ ਦੀ ਰਾਤ ਹੈ, ਹਨੇਰਾ ਛੇਤੀ ਛੇਤੀ ਪਸਰ ਰਿਹਾ ਹੈ।

ਬੁੱਢੀ ਪ੍ਰੇਮੋ, ਜੋ ਦੇਖਣ ਨੂੰ ਐਨ ਬੇਬੇ ਰਾਮ ਭਜਨੀ ਜਾਪਦੀ ਹੈ, ਇਕ ਤਿੱਖੇ ਨੈਣ ਨਕਸ਼ਾਂ ਵਾਲੀ ਸੁਨੱਖੀ ਮੁਟਿਆਰ ਗੁਰਾਂ ਨੂੰ ਨਾਲ ਲੈ ਕੇ ਡੇਰੇ ਅੱਗੇ ਆਉਂਦੀ ਹੈ।

ਗੁਰਾਂ : ਬੇਬੇ, ਰਾਤ ਠਹਿਰ। ਪਤਾ ਨੀ ਮੇਰਾ ਦਿਲ ਅੱਜ ਕਿਉਂ ਡੁੱਬਦਾ ਜਾਂਦੈ।

ਪ੍ਰੇਮੋ : (ਚਿੰਤਾ ਪ੍ਰਗਟ ਕਰਦੀ ਹੋਈ) ਤੂੰ ਬਿੰਦ ਬਹਿ ਲਾ, ਹੁਣੇ ਠੀਕ ਹੋ ਜਾਣਾ ਏਂ। ਲਿਆ ਮੈਂ ਮੋਢੇ ਘੁੱਟ ਦਿਆਂ। ਨੀ, ਤੇਰੇ ਹੱਡ ਤਾਂ ਬਹੁਤ ਨਰੋਏ ਨੇ। ਵੇਖਣ ਨੂੰ ਵੀ ਗੰਦਲ ਵਰਗੀ ਕੂਲੀ ਲਗਦੀ ਏਂ।

ਗੁਰਾਂ : ਬੇਬੇ, ਤੇਰੇ ਵਾਂਗ ਵਿਹਲੀਆਂ ਨੀ ਖਾਂਦੀ, ਹੱਡ ਭੰਨ ਕੇ ਕੰਮ ਕਰਦੀ ਆਂ।

ਬਸ ਕਰ ਹੁਣ, ਰਹਿਣ ਦੇ।

ਪ੍ਰੇਮੋ : ਰਹਿਣ ਕਿਉਂ ਦੇਵਾਂ, ਕੀ ਮੈਂ ਤੇਰੀ ਮਾਂ ਹਾਰ ਨਹੀਂ?

ਗੁਰਾਂ : ਬੇਬੇ, ਇਉਂ ਲਗਦੈ, ਦਿਲ ਦੀ ਧੜਕਣ ਬੰਦ ਹੋਈ ਕਿ ਹੋਈ।

ਪ੍ਰੇਮੋ : ਇਹ ਤਾਂ ਕਾਹਲੀ ਦੁਤਰਨ ਕਰ ਕੇ ਹੋਇਆ, ਤੂੰ ਮੈਥੋਂ ਪੁੱਛ।

ਗੁਰਾਂ : ਪਰ ਬੇਬੇ, ਅਗੇ ਕਦੇ ਇੱਦਾਂ ਨਹੀਂ ਹੋਇਆ। ਪਤਾ ਨੀ ਕੀ ਬਣਨਾ ਏ ਅੱਜ।

ਪ੍ਰੇਮੋ : (ਦਿਲ ਧਰਾਣ ਲਈ) ਧੀਏ, ਤੂੰ ਭੋਰਾ ਚਿੰਤਾ ਨਾ ਕਰ। ਤੇਰੇ ਮਨ ਦੀ ਮੁਰਾਦ ਪੂਰੀ ਹੋਈ ਕਿ ਹੋਈ। ਜਦ ਕੋਈ ਗੱਲ ਹੋਣ ਵਾਲੀ ਹੁੰਦੀ ਏ, ਅਗੰਮੀ ਹੌਲ ਜਿਹਾ ਪੈਣ ਲਗ ਜਾਂਦੈ, ਨੀ, ਇਹ ਤਾਂ ਸਗੋਂ ਸ਼ੁਭ ਸ਼ਗਨ ਏ।

ਗੁਰਾਂ : ਸੱਚੀਂ ਬੇਬੇ, ਡੇਰ ਅਦਰ ਜਾਣ ਨੂੰ ਜੀ ਨਹੀਂ ਕਰਦਾ। ਚਿਤ ਕਰਦਾ ਇਥੋਂ ਘਰ ਨੂੰ ਮੁੜ ਜਾਵਾਂ। ਬੇਬੇ, ਮੈਂ ਕਹਿਨੀ ਆਂ ਫੇਰ ਕਿਸੇ ਦਿਨ ਸਹੀ ਸਵੇਰੇ ਸਾਹਜਰੇ।

ਪ੍ਰੇਮੋ : ਅਭਾਗੀਏ, ਮੁਕਤੀ ਦੇ ਦੁਆਰੇ ਪੁਜ ਕੇ ਮੁੜਨ ਦੀ ਸੋਚਦੀ ਏਂ? ਕਿਹੜੇ ਮਾੜੇ ਕਰਮ ਕੀਤੇ ਹੋਏ ਨੇ ਤੂੰ।

ਗੁਰਾਂ : ਬੇਬੇ, ਫੇਰ ਮੇਰਾ ਮੱਥਾ ਝਟ ਪਟ ਟਿਕਾ ਦੇਈਂ। (ਚਿੰਤਾ ਪ੍ਰਗਟ ਕਰਦੀ ਹੋਈ) ਅਸਲ 'ਚ ਮੈਂ ਮਾਂ ਨੂੰ ਦੱਸ ਕੇ ਨਹੀਂ ਆਈ। ਮੱਸਿਆ ਦੀ ਚੰਦਰੀ ਰਾਤ ਐ, ਸੌ ਇਲ ਬਲਾ। (ਆਲੇ ਦੁਆਲੇ ਦੇਖ ਕੇ) ਮੈਨੂੰ ਤਾਂ ਇਹ ਥਾਂ ਅੱਜ ਵੱਢ ਖਾਣ ਨੂੰ ਪੈਂਦਾ ਏ।

ਪ੍ਰੇਮੋ : (ਨਿਸਚਾ ਬਨ੍ਹਾਂਣ ਦੇ ਲਹਿਜੇ ਵਿਚ) ਧੀਏ, ਮੱਸਿਆ ਦੀ ਰਾਤ ਨੂੰ ਤਾਂ ਸਾਰੇ ਜਾਦੂ ਟੂਣੇ ਚਲਦੇ ਨੇ। ਸਿਆਣੇ ਮਹੀਨਾ ਪਰ ਡੀਕਦੇ ਨੇ ਏਸ ਸੁਪਾਗੀ ਮੱਸ ਨੂੰ।

ਗੁਰਾਂ : (ਅਸਮਾਨ ਵੱਲ ਵੇਖਦੀ ਹੋਈ) ਅੱਜ ਨ੍ਹੇਰਾ ਕਿਉਂ ਐਨੀ ਝਬਦੇ ਪਸਰ ਰਿਹੈ?

ਪ੍ਰੇਮੋ : ਸੰਧਿਆ ਵੇਲਾ ਜੋ ਹੋ ਚੁੱਕਾ ਏ। ਕਿਤੇ ਮਹਾਤਮਾ ਜੀ ਦੀ ਸਮਾਧੀ ਨਾ ਲੱਗੀ ਹੋਈ ਹੋਵੇ।

ਗੁਰਾਂ : (ਤੌਂਖ਼ਲੇ ਨਾਲ) ਫੇਰ ਕਦੋਂ ਖੁੱਲ੍ਹੂ?

ਪ੍ਰੇਮੋ : ਤੂੰ ਘਾਬਰ ਨਾ। ਅਸੀਂ ਉਨ੍ਹਾਂ ਦੇ ਚਰਨਾਂ ਵਿਚ ਬਹਿ ਰਹਿਣਾਂ। ਖੌਰੇ ਅੱਖ ਝਮਕੇ ਵਿਚ ਤੈਨੂੰ ਦੇਖ ਈ ਲੈਣ। ਜੁਆਨ ਕੁੜੀ ਦੀ ਹੋਂਦ ਤਾਂ ਵਡੇ ਵਡੇ ਰਿਸ਼ੀਆਂ ਦੇ ਨੇਤਰ ਖੋਲ੍ਹ ਦਿੰਦੀ ਏ। ਨਾਲੇ ਉਹ ਤਾਂ ਅਗਲੇ ਦੇ ਦਿਲ ਦੀ ਬੁੱਝਣ ਵਾਲੇ ਨੇ। ਬਸ ਤੂੰ ਨਿਸਚਾ ਧਾਰ।

ਗੁਰਾਂ : ਬੇਬੇ, ਉਂ ਤਾਂ ਕੋਈ ਗੱਲ ਨਹੀਂ, ਜਾਂ ਘਰੋਂ ਨਿਕਲ ਈ ਤੁਰੀ ਆਂ ਫੇਰ ਹੁਣ ਕਾਹਦਾ ਸਹਿੰਸਾ। ਪਰ ਮੈਨੂੰ ਮਾਂ ਦਾ ਫ਼ਿਕਰ ਵਢ ਵਢ ਖਾਂਦੈ। ਉਹਨੇ ਬਹੁਤ ਚਿੰਤਾ ਕਰਨੀ ਆਂ। ਉਹ ਪਲ ਭਰ ਦਾ ਵਸਾਹ ਨਹੀਂ ਖਾਂਦੀ।

ਪ੍ਰੇਮੋ : ਉਹ ਵੀ ਸੱਚੀ ਏ, ਕੱਲੀ ਕਾਰੀ ਜੂ ਹੋਈ।

ਗੁਰਾਂ : ਐਨੀ ਬੇਸਬਰੀ ਐ, ਘਰ ਘਰ ਪੱਛਦੀ ਫਿਰੂ, ਜਿਹਨੂੰ ਨਹੀਂ ਪਤਾ ਉਹਨੂੰ ਵੀ ਸ਼ਕ ਪਾਊ।

ਪ੍ਰੇਮੋ : ਲੈ ਫੇਰ ਮੈਂ ਤੈਨੂੰ ਸੁਖੱਲਾ ਰਾਹ ਦਸਦੀ ਆਂ। (ਕੋਲੋਂ ਪੰਜਾਂ ਦਾ ਨੋਟ ਦੇ ਕੇ) ਆਹ ਪੰਜ ਰੁਪਈਏ ਤੂੰ ਹੱਥ 'ਚ ਫੜ ਲੈ। ਮੈਂ ਗੁਰੂ ਮਹਾਰਾਜ ਅਗੇ ਅਰਜੋਈ ਕਰਾਂਗੀ। ਤੂੰ ਉਹਨਾਂ ਦੇ ਪੈਰਾਂ ਤੇ ਢੇਰੀ ਹੋ ਜਾਈਂ। ਧੀਏ, ਆਪਾ ਪੁੱਲਿਆਂ ਹੀ ਕੁਝ ਪ੍ਰਾਪਤ ਹੁੰਦਾ ਏ। (ਅੱਖਾਂ ਬੰਦ ਕਰ ਕੇ ਹੱਥ ਜੋੜਦੀ ਹੋਈ) ਪ੍ਰਮਾਤਮਾ ਕਰੇ, ਜੇ ਉਨ੍ਹਾਂ ਨੇ ਥਾਪੜਾ ਦੇ ਦਿੱਤਾ ਬਸ ਫੇਰ ਤੇਰੀਆਂ ਪੌਂ ਬਾਰਾਂ। ਬੜੇ ਕਰਨੀ ਵਾਲੇ ਸਾਧੂ ਨੇ। ਕਲਜੁਗ ਦੇ ਪਾਪੀ ਜੀਆਂ ਨੂੰ ਤਾਰਨ ਆਏ ਨੇ। ਜੇ ਉਨ੍ਹਾਂ ਦੀ ਨਜ਼ਰ ਸਵੱਲੀ ਹੋ ਜਾਏ, ਸੁੱਕੇ ਹਰੇ ਹੋ ਜਾਂਦੇ ਨੇ। ਤੈਨੂੰ ਚੰਨ ਵਰਗਾ ਨੀਂਗਰ ਜੁੜੂ, ਰਾਜ ਭੋਗੇਂਗੀ। ਤੇਰੀ ਮਾਂ ਨ ਨਹੀਂ ਵਰ ਲਭ ਕੇ ਦੇਣਾ, ਉਸ ਦੇ ਸੁਖ ਜਾਨ ਪਈ ਹੋਈ ਏ।

ਗੁਰਾਂ : ਮਾਂ ਵਿਚਾਰੀ ਨੇ ਤਾਂ ਬਥੇਰੇ ਦੇਖੇ ਨੇ, ਮੈਂ ਈ ਫੜੀ ਰਖਿਆ।

ਪ੍ਰੇਮੋ : ਉਹ ਕਿਉਂ ?

ਗੁਰਾਂ : ਬੇਬੇ, ਤੈਥੋਂ ਕੀ ਲੁਕਾ ਏ, ਮੇਰੇ ਮਨ ਚਿਤ ਭਾਇਆ ਨਹੀਂ ਕੋਈ।

ਪ੍ਰੇਮੋ : ਬਸ ਫੇਰ ਹੁਣ ਭਾਇਆ ਸਮਝੋ।

ਗੁਰਾਂ : (ਆਸ ਭਰੇ ਲਹਿਜੇ ਵਿਚ) ਬੇਬੇ, ਤਾਂ ਜਾਣੂੰ ਜੇ ਮੇਰੇ ਦਿਲ ਦੀ ਬੁਝਣਗੇ।

ਪ੍ਰੇਮੋ : ਨੀ ਖਚਰੀਏ, ਮੈਥੋਂ ਪਰੋਖੀ ਵੀ ਕੋਈ ਨੀਤ ਧਾਰੀ ਹੋਈ ਏ?

ਗੁਰਾਂ : ਬੇਬੇ, ਦਿਲਾਂ ਦੀਅ ਕੌਣ ਜਾਣ ਸਕਦਾ। ਜੀ ਦਾ ਰੋਗ ਗਵਾਣ ਵਾਲਾ ਭਾਵੇਂ ਚੰਮ ਦੀਆਂ ਜੁੱਤੀਆਂ ਹੰਢਾਏ।

ਪ੍ਰੇਮੋ : (ਸ਼ਰਧਾ ਉਪਜਾਉਣ ਦੇ ਲਹਿਜੇ ਵਿਚ ਬੜੇ ਉਤਸ਼ਾਹ ਨਾਲ) ਤੂੰ ਸ਼ਰਧਾ ਧਾਰ, ਤੈਨੂੰ ਅੱਜ ਹੱਥ ਤੇ ਸਰੰ ਜੰਮਦੀ ਵਿਖਾਵਾਂਗੀ। ਪਰ ਦੇਖੀਂ, ਕਾਹਲੀ ਨਾ ਪੈ ਜਾਈਂ। ਓੜਕ ਭਲੇ ਕੰਮ ਵਿਚ ਝਟ ਬਿੰਦ ਤਾਂ ਲਗਦੀ ਏਨਾ।

ਗੁਰਾਂ : ਬੇਬੇ, ਤੂੰ ਮੇਰੇ ਕੋਲ ਹੀ ਰਵ੍ਹੀਂ। ਕੱਲੀ ਨੂੰ ਛੱਡ ਕੇ ਕਿਧਰੇ ਚਲੀ ਨਾ ਜਾਈਂ।

ਪ੍ਰੇਮੋ : ਨੀ, ਇਹ ਵਹਿਮ ਤੈਨੂੰ ਕਿਹਨੇ ਪਾ ਦਿੱਤਾ। ਤੈਨੂੰ ਘਰ ਛੱਡ ਕੇ ਈ ਕੁਝ ਹੋਰ ਕਰਾਂਗੀ। ਚਲ ਉਠ ਹੁਣ।

ਗੁਰਾਂ : ਹੇ ਪ੍ਰਮਾਤਮਾ, ਮਿਹਰ ਕਰੀਂ! ਮੇਰੇ ਦਿਲ ਨੂੰ ਖ਼ੌਰੇ ਕੀ ਮਾਰ ਵਗ ਗਈ ਐ। ਕਦੇ ਨਹੀਂ ਇੱਦਾਂ ਧੜਕਿਆ।

ਪ੍ਰੇਮੋ : ਧੀਏ, ਸੁੱਖੀ ਸਾਂਦੀ ਹਉਕੇ ਕਿਉਂ ਲੈਂਦੀ ਏਂ।

ਗੁਰਾਂ : (ਇਕ ਦੋ ਕਦਮ ਪੁਟ ਕੇ) ਉਹ ਅੰਦਰ ਦਿਓ ਜਿਹਾ ਕੀ ਖੜਾ ਐ?

(ਪ੍ਰੇਮੋ ਨੂੰ ਘੁਟ ਕੇ ਫੜਦੀ ਹੋਈ) ਮੈਨੂੰ ਤਾਂ ਅਵੱਲਾ ਜਿਹਾ ਭੈ ਲਗਦੈ।

ਪ੍ਰੇਮੋ : (ਹੱਸਦੀ ਹੋਈ) ਬਡੇਲੋ, ਉਹ ਤਾਂ ਕਿੱਕਰ ਦਾ ਸੁੱਕਾ ਮੁੱਢ ਏ।

ਗੁਰਾਂ : (ਆਲੇ ਦੁਆਲੇ ਦੇਖਦੀ ਹੋਈ) ਬੇਬੇ, ਭਾਵੇਂ ਤੂੰ ਨਾਲ ਏਂ, ਫੇਰ ਵੀ ਮੈਨੂੰ ਹਰ ਚੀਜ਼ ਡਰਾਉਣੀ ਲਗਦੀ ਐ।

ਪ੍ਰੇਮੋ : ਤੂੰ ਮਨ 'ਚ ਝੂਠਾ ਡਰ ਜੋ ਬਿਠਾ ਲਿਆ। ਮੈਂ (ਹੱਥ ਫੜ ਕੇ) ਤੇਰੇ ਨਾਲ ਆਂ, ਫੇਰ ਦਸ ਤੈਨੂੰ ਕਾਹਦਾ ਡਰ ਏ।

ਗੁਰਾਂ : ਬੇਬੇ, ਮੇਰਾ ਤਾਂ ਰੋਮ ਰੋਮ ਕੰਨ ਬਣਿਆ ਹੋਇਐ। ਗੈਬੀ ਜਿਹੇ ਬੋਲ ਸੁਣਦੇ ਨੇ। ਬਿੰਡੇ ਵੀ ਮੈਨੂੰ ਸੈਣਤਾਂ ਮਾਰਦੇ ਨੇ (ਸੱਜੇ ਵਲ ਦੇਖਦੀ ਹੋਈ) ਓਹ ਓਹ ਕੌਣ ਝਗੜ ਰਹੇ ਨੇ?

ਪ੍ਰੇਮੋ : (ਠੰਗੀ ਤਰ੍ਹਾਂ ਦੇਖ ਸੁਣ ਕੇ) ਗੁਰਾਂ, ਤੂੰ ਜ਼ਰਾ ਓਹਲੇ ਹੋ ਜਾ। ਮੈਂ ਹੁਣੇ ਆਈ। ਦੇਖਾਂ ਤਾਂ ਸਹੀ ਚੇਲੇ ਨਾਲ ਕੌਣ ਝਗੜ ਰਿਹੈ।

ਗੁਰਾਂ : ਬੇਬੇ, ਝਬਦੇ ਆਂ ਜਾਈਂ।

ਪ੍ਰੇਮੋ : (ਕੁਝ ਕਦਮ ਸੱਜੇ ਪਾਸੇ ਵਲ ਪੁੱਟ ਕੇ) ਵੇ ਸਾਧੂ, ਕੌਣ ਨੇ ਇਹ ਬਕੜ-ਵਾਹ ਕਰਦੇ?

ਸਾਧੂ : ਹੂੰ! ਦੁਸ਼ਟ ਧੱਕੇ ਨਾਲ ਅੰਦਰ ਧੱਸੀ ਆਉਂਦੇ ਨੇ। ਰਾਤ ਸਮੇਂ ਓਪਰੇ ਪੁਰਸ਼ ਨੂੰ ਅਸੀਂ ਡੇਰੇ ਲਾਗੇ ਫਟਕਣ ਨਹੀਂ ਦਿੰਦੇ। ਪਿਛੇ ਜਿਹੇ ਇਕ ਸਮੱਗਲਰ ਆਣ ਵੜਿਆ ਸੀ, ਪੁਲਸ ਮਗਰੇ ਹਫੀ ਹੋਈ ਆਈ।

ਪ੍ਰੇਮੋ : ਵੇ ਭਾਈ, ਤੁਸੀਂ ਪਿੰਡ ਦੀ ਧਰਮਸਾਲਾ 'ਚ ਰਾਤ ਕਿਉਂ ਨਹੀਂ ਕਟ ਲੈਂਦੇ, ਅੱਖ ਪਲਕਾਰੇ ਚ ਤਾਂ ਰਾਤ ਲੰਘ ਜਾਂਦੀ ਏ। ਝਗੜਾ ਨਾ ਕਰੋ ਜਾਓ, ਮਹਾਤਮਾ ਦੀ ਸਮਾਧੀ ਲੱਗੀ ਹੋਈ ਏ।

ਪਹਿਲਾ ਮੁਸਾਫ਼ਰ : ਅਸੀਂ ਜਾਣੇਆਂ ਓਸ ਬਗਲੇ ਭਗਤ ਨੂੰ।

ਦੂਜਾ ਮੁਸਾਫ਼ਰ : ਮਾਈ, ਜੇ ਤੂੰ ਜੁਆਨ ਕੁੜੀ ਨਾਲ ਰਾਤ ਰਹਿ ਸਕਦੀ ਐਂ, ਫੇਰ ਸਾਨੂੰ ਕਾਹਦਾ ਡਰ ਏ।

ਪ੍ਰੇਮੋ : (ਝਟ ਪਟ) ਵੇ, ਅਸੀਂ ਤਾਂ ਮੱਥਾ ਟੇਕਣ ਆਈਆਂ, ਹੁਣੇ ਮੁੜ ਜਾਣਾ ਏਂ।

ਪਹਿਲਾ : ਤੇ ਅਸੀਂ ਕਿਹੜੀ ਮਹੰਤ ਤੇ ਚਾਦਰ ਪੈਣ ਲੱਗੇ ਆਂ। ਰਾਤ ਈ ਕੱਟਣੀ ਆਂ।

ਦੂਜਾ : ਅਸੀਂ ਵੀ ਮਹੰਤ ਦੀ ਮੁੱਠੀ ਚਾਪੀ ਕਰ ਦਿਆਂਗੇ।

ਸਾਧੂ : ਨਾਸਤਕੋ, ਝੇਡਾ ਕਰਦੇ ਓ।

ਪ੍ਰੇਮੋ : ਵੇ ਤੁਸੀਂ ਨਸਾ ਤਾਂ ਨਹੀਂ ਕੀਤਾ ਹੋਇਆ ? ਤੁਹਾਡੀ ਸੁਰਤ ਤਾਂ ਟਿਕਾਣੇ ਹੈ?

ਪਹਿਲਾ : ਮਾਈ, ਜੇ ਸੁਰਤ ਟਿਕਾਣੇ ਹੁੰਦੀ ਫੇਰ ਰਾਹ ਕਿਉਂ ਭੁੱਲਦੇ। ਅਸੀਂ ਹੁਣ ਕਿਥੇ ਠੇਡੇ ਖਾਂਦੇ ਫਿਰਾਂਗੇ। ਸਾਧਾ, ਤੂੰ ਹੀ ਤਰਸ ਕਰ।।

ਸਾਧੂ : ਸ਼ਰਾਬੀਆਂ ਲਈ ਇਥੇ ਕੋਈ ਥਾਂ ਨਹੀਂ।

ਪਹਿਲਾ : ਕੀ ਫ਼ੀਮੀਆਂ, ਭੰਗੀਆਂ, ਸੁਲਫੱਈਆਂ ਲਈ ਜਗ੍ਹਾ ਹੈ ?

ਦੂਜਾ : ਜੋ ਦਿਨ ਰਾਤ ਡੇਰੇ ਵਿਚ ਭੰਗ ਪੁਜਦੀ ਐ ਸਾਨੂੰ ਸਭ ਪਤਾ।

ਪ੍ਰੇਮੋ : (ਡਰ ਕੇ ਸੁਲ੍ਹਾ ਦੇ ਲਹਿਜੇ ਵਿਚ) ਵੇ ਮੁੰਡਿਓ, ਪਤਾ ਵੀ ਲੱਗੇ ਤੁਸੀਂ ਕੌਣ ਓ, ਕਿੱਥੋਂ ਆਏ ਓ, ਕਿਥੇ ਜਾਣਾ ਏਂ ?

ਪਹਿਲਾ : ਆਹ ਹੋਈ ਨਾ ਗੱਲ। ਮਾਈ ਬਹੁਤ ਸਿਆਣੀ ਏਂ।

ਦੂਜਾ : ਸਾਧਾ, ਅਸੀਂ ਜਿੰਨ ਭੂਤ ਨਹੀਂ, ਰਾਹ ਭਟਕੇ ਰਾਹੀ ਆਂ। ਸਾਡਾ ਪਿੰਡ ਪਾਕਿਸਤਾਨ ਬੌਰਡਰ ਦੇ ਲਾਗੇ ਐ। ਰਾਤ ਸਮੇਂ ਠੁਹ ਠਾਹ ਤੋਂ ਡਰ ਲਗਦੈ।

ਸਾਧੂ : ਝੂਠੇ, ਫ਼ਰੇਬੀ, ਯਮਲੇ, ਮਤਲਬ ਕੱਢਣ ਵਾਲੇ। ਕਿਥੇ ਬੌਰਡਰ ਤੇ ਕਿਥੇ ਇਹ ਡੇਰਾ। ਮੈਨੂੰ ਚਾਰਦੇ ਓ?

ਪਹਿਲਾ : ਓਇ, ਬੰਤਿਆ ਛਡ ਝਗੜਾ। ਥੈਲੇ ਵਿਚੋਂ ਭੂਰਾ ਕੱਢ ਕੇ ਐਥੇ ਵਛਾ।

ਅਸੀਂ ਇਥੇ ਹੀ ਡੇਰੇ ਲਾ ਲੈਣੇ ਨੇ। ਕੋਈ ਸ਼ਲੋਕ ਤਾਂ ਕੰਨੀਂ ਪਊਗਾ ਈ।

ਖ਼ੌਰੇ ਰਾਤ ਨੂੰ ਕੀ ਕੀ ਰਾਗ ਰਤਨ ਹੋਣ।

ਪ੍ਰੇਮੋ : (ਭਰੇ ਪੀਤੇ ਸਾਧੂ ਨੂੰ ਇਸ਼ਾਰੇ ਨਾਲ ਚੁੱਪ ਕਰਾਉਂਦੀ ਹੋਈ) ਵੇ ਮੁੰਡਿਓ, ਕਿਉਂ ਝਗੜਾ ਵਧਾਉਂਦੇ ਓ। ਡੇਰੇ ਅੰਦਰ ਪਤਾ ਲਗ ਗਿਆ ਤਾਂ ਕੁਪੱਤ ਹੋਊ ਤੁਹਾਡੇ ਨਾਲ।

ਦੂਜਾ : (ਭੂਰਾ ਝਾੜ ਕੇ ਵਛਾਉਂਦਾ ਹੋਇਆ) ਅਸੀਂ ਹੁਣ ਰਾਤ ਸਮੇਂ ਕਿਥੇ ਜਾ ਸਕਦੇ ਆਂ। ਭੁੱਖਣ ਭਾਣੇ ਇਥੇ ਈ ਸੌਂ ਰਹਿਣਾ ਏਂ ਸਾਧਾਂ ਦੇ ਸਿਰ ਚੜ੍ਹ ਕੇ।

ਸਾਧੂ : (ਗੁੱਸੇ ਨਾਲ ਉਬਲਦਾ ਹੋਇਆ) ਮੈਂ ਇਨ੍ਹਾਂ ਮੁਸ਼ਟੰਡਿਆਂ ਨੂੰ ਡੇਰੇ ਲਾਗੇ ਢੁੱਕਣ ਨਹੀਂ ਦੇਣਾ। ਮੈਨੂੰ ਇਹ ਸ਼ੱਕੀ ਮਾਮਲਾ ਜਾਪਦਾ ਏ। ਭਲਾ ਬੰਦਾ ਕਦੇ ਜ਼ਿੱਦ ਨਹੀਂ ਕਰਦਾ। ਮੈਂ ਤਾਂ ਚਿਹਰੇ ਤੋਂ ਤਾੜ ਲੈਂਦਾ ਹਾਂ। ਐਵੇਂ ਨਹੀਂ ਤਪ ਸਾਧੇ ਹੋਏ।

ਪਹਿਲਾ : ਸਾਧਾ, ਜੇ ਤਪ ਕੀਤੇ ਹੁੰਦੇ ਤਾਂ ਗ਼ਰੀਬਾਂ ਤੇ ਐਨਾ ਕਹਿਰਵਾਨ ਨਾ ਹੁੰਦਾ।

ਦੂਜਾ : ਜ਼ਨਾਨੀਆਂ ਵਸ ’ਚ ਕਰਨ ਲਈ ਛਿਲੇ ਜ਼ਰੂਰ ਕੱਟੇ ਹੋਣਗੇ।

ਸਾਧੂ : ਸੁਣ ਲੈ ਮਾਤਾ, ਕੈਸੇ ਅਨਾਦਰ ਭਰੇ ਸ਼ਬਦ ਵਰਤ ਰਹੇ ਨੇ। ਡਰ ਭਉ ਇਨ੍ਹਾਂ ਦੇ ਲਾਗੇ ਨਹੀਂ ਫਟਕਿਆ ਹੋਇਆ। ਮੈਨੂੰ ਤਾਂ ਇਹ ਦੁਸ਼ਮਣ ਦੇ ਸੂਹੀਏ ਜਾਪਦੇ ਨੇ।

ਪਹਿਲਾ : ਸਾਧਾ, ਭੰਗ ਦਾ ਬਾਟਾ ਤਾਂ ਨਹੀਂ ਚਾੜ੍ਹਿਆ ਹੋਇਆ।

ਦੂਜਾ : ਮਾਵਾ ਕੁਝ ਜਾਸਤੀ ਡੁੰਗਿਆ ਹਇਆ ਲਗਦਾ।

ਪਹਿਲਾ : ਜੇ ਚੇਲੇ ਦੀ ਇਹ ਹਾਲਤ ਏਤ ਾਂ ਗੁਰੂ ਦਾ ਪਤਾ ਨਹੀਂ ਕੀ ਹਾਲ ਹੋਊ।

ਪ੍ਰੇਮੋ : ਮੁਸ਼ਟੰਡਿਓ, ਮੈਂ ਤਾਂ ਹੁਣ ਤਕ ਥੁਹਾਡਾ ਲਿਹਾਜ਼ ਈ ਕਰਦੀ ਰਹੀ ਆਂ।

ਸਾਧੂ : ਹਰੇ ਰਾਮ ! ਨੇਂਹ ਕਲੰਕ ਮਹਾਤਮਾ ਵਿਰੁਧ ਐਸੇ ਦੁਰਜ ਬਚਨ।

ਪ੍ਰੇਮੋ : ਦਦੁਸ਼ਟੋ, ਤੁਹਾਨੂੰ ਦਰਗਾਹੇ ਵੀ ਢੋਈ ਨਹੀਂ ਮਿਲਣੀ।

ਪਹਿਲਾ : ਮਾਈ, ਕਿਉਂ ਗੱਲ ਵਧਾਉਂਦੀ ਏਂ, ਭੁੱਖੇ ਪੇਟੋਂ ਜੇ ਕੋਈ ਅਵੱਲੀ ਨਿਕਲ ਈ ਗਈ ਏ, ਤਾਂ ਆਖ਼ਰ ਕਿਹੜੀ ਆ ਗਈ।

ਦੂਜਾ : ਚਲੋ ਸਾਨੂੰ ਲੰਗਰ 'ਚ ਬਹਿ ਕੇ ਦੋ ਦੋ ਪਰਛਾਦੇ ਛਕ ਲੈਣ ਦਿਉ, ਫੇਰ ਅਸੀਂ ਆਪੇ ਕਿਧਰੇ ਟਿਭ ਜਾਵਾਂਗੇ।

ਸਾਧੂ : ਦਫ਼ਾ ਹੋਵੋ, ਇਥੇ ਕੋਈ ਲੰਗਰ ਸ਼ੰਗਰ ਨਹੀਂ ਲਗਦਾ।

ਪ੍ਰੇਮੋ : ਬਸ ਦਿਨ ਸੁਦ ਨੂੰ ਭੰਡਾਰਾ ਵਰਤਦਾ ਏ। ਸਾਧੂ ਲੋਕ ਤਾਂ ਆਪ ਭਿੱਛਿਆ ਮੰਗ ਮੰਗ ਖਾਂਦੇ ਨੇ।

ਸਾਧੂ : ਨਾਲੇ ਸਾਡੇ ਗੁਰੂ ਤਾਂ ਪੌਣ ਆਹਾਰੀ ਨੇ।

ਪਹਿਲਾ: ਤੇਰਾ ਗੁਰੂ ਤਾਂ ਕੱਚੀਆਂ ਖਾਣ ਵਾਲਾ ਹੈ (ਹੌਲ) ਮੰਨੀਆਂ।

ਸਾਧੂ : ਬਕਵਾਸ ਬੰਦ ਕਰੋ, ਮੈਂ ਗੁਰੂ ਵਿਰੁਧ ਇਕ ਸ਼ਬਦ ਹੋਰ ਨਹੀਂ ਸੁਣ ਸਕਦਾ।

ਪ੍ਰੇਮੋ : ਫਿੱਟੀ ਹੋਈ ਨੀਤ ਵਾਲੇ, ਮੁਸ਼ਟੰਡੇ, ਮਹਾਂ ਪੁਰਖ ਦੇ ਉਲਟ ਬਕੜਵਾਹ ਕਰਦੇ ਨੇ।

ਪਹਿਲਾ : ਬੁੱਢੀਏ ਫਾਫਾਂ, ਪਰਦੇ ਨਾ ਫੁਲਾ, ਤੈਨੂੰ ਵੀ ਅਸੀਂ ਜਾਣਦੇ ਆਂ।

ਪ੍ਰੇਮੋ : ਵੇ ਚੋਬਰੋ, ਮੈਨੂੰ ਤਾਂ ਸਾਰਾ ਜਗ ਜਹਾਨ ਜਾਣਦਾ, ਪਈ ਮਹੰਤਾਂ ਦੀ ਸਰਧਾਲਣ ਤੇ ਟਹਿਲਣ ਆਂ।

ਪਹਿਲਾ : ਮਾਈ, ਅਸੀਂ ਵੀ ਬੜੇ ਸ਼ਰਧਾਵਾਨ ਹਾਂ। ਸਾਨੂੰ ਵੀ ਓਸ ਬੀਬੀ ਵਾਂਗ ਚਰਨ ਛੋਹ ਲੈਣ ਦੇ, ਖ਼ੌਰੇ ਸਾਡਾ ਵੀ ਪਾਰ ਉਤਾਰਾ ਹੋ ਜਾਏ।

ਪ੍ਰੇਮੋ : ਬੇਸ਼ਰਮੋ, ਤੁਸੀਂ ਤਾਂ ਟੁੱਟੇ ਛਿੱਤਰ ਵਾਂਗ ਵਧਦੇ ਈ ਜਾਂਦੇ ਓ। ਸਾਧੂ, ਬੁਲਾ ਅੰਦਰੋਂ।

ਸਾਧੂ : ਮਾਤਾ, ਤੂੰ ਇਹਨਾਂ ਸ਼ੁਹਦਿਆਂ ਦਾ ਧਿਆਨ ਰੱਖੀਂ, ਮੈਂ ਚੁਮਟੇ ਵਾਲੇ ਬਾਬੇ ਨੂੰ ਹੁਣੇ ਲਿਆਇਆ।

ਪ੍ਰੇਮੋ : ਜਾਓ, ਚਲੇਜਾਓ, ਰੱਬ ਤੁਹਾਡਾ ਭਲਾ ਕਰੇ। ਮਹਾਰਾਜ ਦੀ ਸਮਾਧੀ ਲੱਗੀ ਹੋਈ ਏ।

ਪਹਿਲਾ : ਸਮਾਧੀ ਲੱਗੀ ਹੋਈ ਏਕਿ ਚਰਨ ਘੁਟਾ ਰਹੇ ਨੇ ਕਿਸੇ ਨਵੀਂ ਫਸੀ ਸ਼ਰਧਾਲਣ ਕੋਲੋਂ।

ਪ੍ਰੇਮੋ : ਵੇ ਤੁਹਾਡਾ ਕੱਖ ਨਾ ਰਹੇ, ਜੁਆਨੀਓਂ ਟੁੱਟੋ, ਐਨੀ ਬੇਅਦਬੀ, ਐਨਾ ਅਨਰਥ। ਬੇਸ਼ਰਮੋ, ਤੁਹਾਡਾ ਮੂੰਹ ਤਾਂ ਕੁਹਾਡੇ ਨਾਲ ਪਾਟਾ ਹੋਇਆ ਏ।

ਪਹਿਲਾ : ਬੰਤਿਆ, ਸ਼ਰੀਫ ਬੰਦਿਆਂ ਲਈ ਇਸ ਡੇਰੇ ਵਿਚ ਕੋਈ ਥਾਂ ਨਹੀਂ।

ਦੂਜਾ : ਜ਼ਰੂਰ ਰਾਤ ਨੂੰ ਗੋਲ ਮਾਲ ਹੁੰਦਾ ਹੋਵੇਗਾ।

ਪ੍ਰੇਮੋ : ਚਲੇ ਜਾਓ ਕੰਨ ਵਲ੍ਹੇਟ ਕੇ, ਨਹੀਂ ਤਾਂ ਛਿੱਤਰ ਵਰ੍ਹਨਗੇ।

ਪਹਿਲਾ : ਬੁੱਢੀਏ, ਪੇਖੀ ਸਾਧਾਂ ਦੇ ਡੇਰਿਆਂ ਵਿਚ ਅਜ ਕਲ੍ਹ ਛਿੱਤਰ ਹੀ ਖੜਕਦੇ ਨੇ, ਪਰਮਾਤਮਾ ਦਾ ਜਸ ਤਾਂ ਖ਼ਤਮ ਹੋ ਗਿਆ ਏ।

ਪ੍ਰੇਮੋ : ਅਜੇ ਵੀ ਵੇਲਾ ਏ, ਨਸ ਜਾਓ।

[ਇਕ ਜਟਾ ਜੂਟ ਸਾਧੂ ਅੰਦਰੋਂ ਚਿਮਟਾ ਖੜਕਾਉਂਦਾ ਹੋਇਆ ਨੱਸਾ ਆਉਂਦਾ ਹੈ।❁

ਚਿਮਟੇਵਾਲਾ : (ਉਨ੍ਹਾਂ ਵਲ ਵਧਦਾ ਹੋਇਆ) ਔਲਖ, ਔਲਖ।

ਪਹਿਲਾ : (ਧੱਕਾ ਦੇ ਕੇ) ਪਿਛੇ ਹਟ, ਰਿੱਛ ਜਿਹਾ ਉਤੇ ਈ ਚੜ੍ਹੀ ਆਉਂਦਾ।

ਮੈਂ ਖਿਆ ਧੌਣ ਭਨਾ ਬਹੇਂਗਾ ਹਟ ਪਿੱਛੇ।

ਦੂਜਾ : (ਉਸ ਦੇ ਹੱਥੋਂ ਚੁਮਟਾ ਖੋਹ ਕੇ) ਨੱਠ ਜਾ, ਨਹੀਂ ਤਾਂ ਪਾਸੇ ਸੇਕ ਦਿਆਂਗੇ। ਕਿੰਨੇ ਭੂਤੇ ਪਏ ਨੇ ਵਿਲੜ ਸਾਨ੍ਹ।

ਸਾਧ : ਮੈਂ ਬੁਲੀ ਕੁੱਤਾ ਛਡਦਾਂ, ਇੱਦਾਂ ਨਹੀਂ ਇਨ੍ਹਾਂ ਸੂਤ ਆਉਣਾ।

ਪਹਿਲਾ : ਤੂੰ ਕਿਹੜਾ ਬੁਲੀ ਨਾਲੋਂ ਘੱਟ ਏਂ।

ਦੂਜਾ : ਐਨ ਬੁਲੀ ਵਾਂਗ ਮੂੰਹ ਮਾਰਦਾ ਏ।

ਪ੍ਰੇਮੋ : ਵੇ ਸਾਧੂ, ਮੁੜ ਆ, ਔਹ ਦੇਖ ਭਲਵਾਨ ਤੇ ਜ਼ੈਲਦਾਰ ਆ ਰਹੇ ਨੇ। ਹੁਣ ਲੈਂਦੇ ਨੇ ਇਨ੍ਹਾਂ ਦੀ ਖਬਰ।

ਸਾਧੂ : (ਖ਼ੁਸ਼ ਹੋ ਕੇ) ਕਿਥੇ ਨੇ, ਕਿਥੇ ਨੇ? ਕੌਣ ਗੱਲਾਂ ਕਰਦੇ ਨੇ।

ਪ੍ਰੇਮੋ : ਆਵਾਜ਼ ਨਹੀਂ ਪਛਾਣਦਾ ਭਲਵਾਨ ਦੀ। ਔਹ ਦੇਖ ਬੈਟਰੀ ਦਾ ਚਾਨਣ।

ਸਾਧੂ : ਭਲਵਾਨ ਤਾਂ ਇਨ੍ਹਾਂ ਦੇ ਸੀਰਮੇ ਪੀ ਜਾਊ।

[ਦੋਵੇਂ ਬੜੀ ਉਤਸੁਕਤਾ ਨਾਲ ਪਿੰਡ ਵਲ ਦੇਖਦੇ ਹਨ।❁

ਭਲਵਾਨ : (ਦੂਰੋਂ) ਸਾਧੂ, ਕੌਣ ਝਗੜ ਰਿਹਾ?

ਸਾਧੂ : ਐਹ ਨੇਖੜੇ ਚੋਰ ਉਚੱਕੇ?

ਭਲਵਾਨ : ਕਿਥੇ ਨੇ ਮੈਨੂੰ ਵਿਖਾ, ਮੈਂ ਲੈਂਦਾ ਇਨ੍ਹਾਂ ਦੀ ਖ਼ਬਰ। ਕਿਹੜੇ ਓ ਤੁਸੀਂ ?

ਸਾਧੂ : (ਆਲਾ ਦੁਆਲਾ ਦੇਖ ਕੇ) ਹੈਂ। ਕਿੱਧਰ ਚਲੇ ਗਏ? ਹੁਣੇ ਤਾਂ ਐਥੇ ਖੜੇ ਸੀ। ਤੁਹਾਨੂੰ ਦੇਖ ਕੇ ਡਰ ਗਏ।

ਪ੍ਰੇਮੋ : ਸ਼ੈਦ ਉਸ ਸਰਵਾੜ ਓਹਲੇ ਲੁਕ ਗਏ।

ਭਲਵਾਨ : ਆ ਖਾਂ ਵੇਖੀਏ, ਕਿਹੜੇ ਨੇ।

ਜ਼ੈਲਦਾਰ : ਸਾਧੂ, ਤੂੰ ਵੀ ਐਵੇਂ ਰਾਹ ਜਾਂਦੇ ਦੇਗਲ ਨਾ ਪੈ ਜਾਇਆ ਕਰ। ਨਰਮੀ ਨਾਲ ਗੱਲ ਕਰੀਦੀ ਏ। ਜ਼ਮਾਨਾ ਬੜਾ ਖ਼ਤਰਨਾਕ ਜਾ ਰਿਹਾ। ਮਤਲਬ ਬਿਨਾਂ ਕੋਈ ਕਿਸੇ ਦੀ ਪਰਵਾਹ ਨਹੀਂ ਕਰਦਾ। ਆਪਣੀ ਇੱਜ਼ਤ ਆਪਣ ਹੱਥ ਹੁੰਦੀ ਏ।

ਸਾਧੂ : ਮੈਂ ਤਾਂ ਕੁਝ ਵੀ ਨਹੀਂ ਸੀ ਕਿਹਾ, ਮੱਲੋ-ਮੱਲੀ ਲੇਹ ਦੇ ਕੰਡੇ ਵਾਂਗ ਚੰਮੜ ਗਏ।

ਪ੍ਰੇਮੋ : ਮਹੰਤ ਨੂੰ ਉਹ ਗਾਲ੍ਹਾਂ ਕੱਢੀਆਂ, ਚੁੱਪ ਈ ਭਲੀ ਐ।

ਸਾਧੂ : ਓਹ ਜਾਂਦੇ ਨੇ ਨੱਸੇ! ਓਹ ਖਾਲ ਟੱਪ ਗਏ।

ਭਲਵਾਨ : (ਉੱਚੀ) ਜਾਇਓ ਨਾ ਹੁਣ! ਪਿਉਦੇ ਪੁੱਤ ਓ ਤਾਂ ਖੜੋ ਕੇ ਗੱਲ ਕਰੋ।

ਜ਼ੈਲਦਾਰ : ਭਲਵਾਨਾ ਆ ਜਾ, ਮਾਰਨ ਨਾਲੋਂ ਡਰਾ ਦੇਣਾ ਚੰਗਾ ਹੁੰਦਾ।

ਭਲਵਾਨ : ਸਾਧੂ, ਮਹੰਤ ਕੀ ਕਰਦਾ ਏ?

ਸਾਧੂ : ਕੋਈ ਭਗਤ ਦਰਸ਼ਨ ਕਰਨ ਆਇਆ ਹੋਇਐ।

ਭਲਵਾਨ : (ਹੱਸਦਾ ਹੋਇਆ) ਭਗਤ ਕਿ ਭਗਤਣੀ?

ਸਾਧੂ : (ਰੋਕ ਕੇ ਜ਼ਰਾ ਠਹਿਰ, ਮੈਂ ਆਗਿਆ ਲੈ ਆਵਾਂ।

ਭਲਵਾਨ : ਓਏ, ਸ;ਾਡੇ ਨਾਲੋਂ ਵੀ ਕੋਈ ਵੱਡਾ ਭਗਤ ਏ ਮਹੰਤ ਚਰਨ ਦਾਸ ਦਾ।

ਸਾਧੂ : ਇਕ ਪਲ ਠਹਿਰੋ, ਮੈਂ ਹੁਣੇ ਪੁੱਛ ਕੇ ਆਇਆ।

ਜ਼ੈਲਦਾਰ : ਸਾਧੂ, ਬੇਹੱਦ ਜ਼ਰੂਰੀ ਗੱਲਾਂ ਕਰਨੀਆਂ ਮਹੰਤ ਨਾਲ।

ਭਲਵਾਨ : ਉਨ੍ਹਾਂ ਦੇ ਖ਼ਾਸ ਮਤਲਬ ਦੀ ਗੱਲ ਏ।

ਸਾਧੂ : ਅੱਛਾ? ਅਜਿਹੀ ਗੱਲ ਹੈ ? ਪਹਿਲਾਂ ਮੈਨੂੰ ਦੱਸੋ।

[ਪ੍ਰੇਮੋ ਜਾਣ ਲੱਗੀ ਫੇਰ ਰੁਕ ਜਾਂਦੀ ਹੈ ਅਤੇ ਬੜੀ ਦਿਲਚਸਪੀ ਨਾਲ ਉਨ੍ਹਾਂ ਦੀਆਂ ਗੱਲਾਂ ਸੁਣਦੀ ਹੈ।]

ਭਲਵਾਨ : ਮਹੰਤ ਨੂੰ ਅਸੈਂਬਲੀ ਦਾ ਮੈਂਬਰ ਖੜਾ ਕਰਨ ਲਗੇ ਆਂ। ਸਾਲ ਭਰ ਦਾ ਮਗਰ ਲੱਗਾ ਹੋਇਆ ਸੀ। ਬੜਾ ਵਧੀਆ ਮੌਕਾ ਜੁੜਿਆ ਏ। ਰੱਬ ਨੇ ਸਬੱਬ ਬਣਾਇਆ ਏ।

ਜ਼ੈਲਦਾਰ : ਅੱਜ ਹੀ ਖ਼ਬਰ ਮਿਲੀ ਏ, ਦੁਬਾਰਾ ਵੋਟਾਂ ਪੈਣਗੀਆਂ।

ਸਾਧੂ : ਫੇਰ ਮਹੰਤ ਜੀ ਦੇ ਸੁਫਨੇ ਸੱਚੇ ਹੋਣ ਲਗੇ ਜੇ। ਉਨ੍ਹਾਂ ਨੂੰ ਤਾਂ ਹੋਰ ਕੁਝ ਸੁਝਦਾ ਹੀ ਨਹੀਂ।

ਪ੍ਰੇਮੋ : ਜੇ ਮੰਬਰ ਬਣ ਗਏ, ਫੇਰ ਕੀ ਹੋ ਜਾਊ ?

ਭਲਵਾਨ : ਪ੍ਰੇਮੋ, ਤੂੰ ਕੀ ਜਾਣੇਂ ਅਸੈਂਬਲੀ ਦੀ ਮੈਂਬਰੀ, ਕੁੱਲਾਂ ਤਰ ਜਾਂਦੀਆਂ ਨੇ।

ਜ਼ੈਲਦਾਰ : ਮਹੰਤ ਦੇ ਸਭ ਭਗਤਾਂ ਨੂੰ ਮੌਜ ਬਣ ਜਾਊ।

ਭਲਵਾਨ : ਜਰਾ ਸੁਣ, ਕੋਠੀਆਂ ਰਹਿਣ ਨੂੰ, ਕਾਰਾਂ ਚੜ੍ਹਨ ਨੂੰ, ਨੌਕਰ ਕੰਮ ਕਰਨ ਨੂੰ, ਵਧੀਆ ਤੋਂ ਵਧੀਆ ਖਾਣੇ, ਪਹਿਨਣ ਨੂੰ ਚੰਗੇ ਤੋਂ ਚੰਗੇ ਕਪੜੇ। ਦਸ ਹੋਰ ਬੰਦੇ ਨੇ ਕੀ ਲੈਣਾ ਏ ਇਸ ਦੁਨੀਆਂ ਵਿਚ।

ਪ੍ਰੇਮੋ : ਫੇਰ ਅਸੀਂ ਇਥੋਂ ਚਲੇ ਜਾਵਾਂਗੇ?

ਭਲਵਾਨ : ਫੇਰ ਇਥੇ ਕਿਸ ਕੀ ਲੈਣਾ ਏ ਉਜਾੜ ਵਿਚ।

ਜ਼ੈਲਦਾਰ : ਮਹੰਤ ਜੀ ਭਾਰਤ ਦੇ ਸਭ ਤੋਂ ਸੋਹਣੇ ਸ਼ਹਿਰ ਚੰਡੀਗੜ੍ਹ ਵਿਚ ਰਹਿਣਗੇ।

ਭਲਵਾਨ : ਹੁਣ ਤੁਹਾਥੋਂ ਦੋ ਮੁਸਾਫ਼ਰ ਨਹੀਂ ਡਰਦੇ, ਫੇਰ ਸਾਰਾ ਇਲਾਕਾ ਥਰ ਥਰ ਕੰਬਿਆ ਕਰੂ।

ਪ੍ਰੇਮੋ : ਭਾਈ, ਮੰਬਰੀ ਨਾ ਹੋਈ ਸੋਨੇ ਦੀ ਖ਼ਾਨ ਹੋਈ।

ਭਲਵਾਨ : ਭੋਲੀਏ, ਤੈਨੂੰ ਕੀ ਖ਼ਬਰ ਏ। ਸਾਡੇ ਮਹੰਤ ਜੀ ਜਿਧਰ ਜਾਣਗੇ ਜਲਸੇ ਜਲੂਸ ਨਿਕਲਣਗੇ, ਲੋਕ ਝੁਕ ਝੁਕ ਸਲਾਮਾਂ ਕਰਨਗੇ, ਥੈਲੀਆਂ ਭੇਂਟ ਕਰਨਗੇ, ਨੋਟਾਂ ਦੇ ਹਾਰ ਪਰੋ ਕੇ ਗਲ ਵਿਚ ਪਾਣਗੇ।

ਪ੍ਰੇਮੋ : (ਖ਼ੁਸ਼ੀ ਨਾਲ ਹੱਥ ਮਲਦੀ ਹੋਈ) ਅੱਛਾ! ਐਡੀ ਵੱਡੀ ਸ਼ੈ ਹੈ ਮੰਬਰੀ।

ਭਲਵਾਨ : ਮਾਈ, ਹੋਰ ਸੁਣ, ਜੇ ਮੈਂਬਰੀ ਸਿੱਧੀ ਪੈ ਗਈ, ਰੱਬ ਨੇ ਚਾਹਿਆ ਵਜ਼ੀਰ ਬਣ ਗਏ ਫੇਰ ਤਾਂ ਪੁੱਛੋ ਨਾ, ਕਈ ਪੀੜ੍ਹੀਆਂ ਤਰ ਜਾਣਗੀਆਂ। ਇਲਾਕੇ ਨੂੰ ਸੋਨੇ ਦਾ ਬਣਾ ਦੇਣਗੇ।

ਸਾਧੂ : ਪਤਾ ਨਹੀਂ ਤੁਸੀਂ ਮੈਂਬਰੀ ਦੀ ਕੈਸੀ ਪੱਟੀ ਪੜ੍ਹਾਈ ਏ। ਗੁਰੂ ਨੂੰ ਹੋਰ ਕੁਝ ਸੁਝਦਾ ਈ ਨਹੀਂ। ਦਿਨ ਰਾਤ ਏਹੋ ਸੁਫਨੇ ਲੈਂਦੇ ਨੇ। ਕਈ ਦਫ਼ਾ ਰਾਤ ਨੂੰ ਬੁੜ ਬੁੜਾ ਉਠਦੇ ਨੇ। ਮੈਨੂੰ ਤਾਂ ਡਰ ਲਗਦਾ ਰਹਿੰਦਾ ਕਿਤੇ ਤਲਾਅ ਵਿਚ ਡੁੱਬ ਕੇ ਨਾ .....

ਪ੍ਰੇਮੋ : ਵੇ ਸੁਖ ਬੋਲ, ਕੇਹੀਆਂ ਕੁਸ਼ਗਣੀਆਂ ਗੱਲਾਂ ਕਰਦਾਂ।

ਸਾਧੂ : ਮਾਤਾ, ਤੈਨੂੰ ਨਹੀਂ ਖ਼ਬਰ, ਉਨ੍ਹਾਂ ਦਾ ਮਨ ਅੱਜ ਕਲ੍ਹ ਬਹੁਤ ਉਪਰਾਮ ਰਹਿੰਦਾ ਏ।

ਭਲਵਾਨ : ਚਲੋ ਫੇਰ ਅੰਦਰ, ਉਨ੍ਹਾਂ ਦਾ ਮਨ ਸ਼ਾਤ ਕਰੀਏ। ਸਕੀਮ ਤਿਆਰ ਕਰ ਕੇ ਚੋਣ ਮੁਹਿੰਮ ਸ਼ੁਰੂ ਕਰੀਏ। ਪਿੰਡ ਪਿਡ ਜਲਸੇ ਕਰੀਏ, ਤੇ ਮਹੰਤ ਚਰਨ ਦਾਸ ਦੀ ਜੈ ਜੈ ਕਾਰ ਬੁਲਾਈਏ।

[ਛੇਤੀ ਛੇਤੀ ਅੰਦਰ ਵਲ ਜਾਂਦੇ ਹਨ।]

ਪ੍ਰੇਮੋ : (ਘਬਰਾਈ ਹੋਈ ਆਵਾਜ਼ ਵਿਚ) ਵੇ ਸਾਧੂ, ਠਹਿਰੀਂ ਰਤਾ।

ਸਾਧੂ : ਮੈਂ ਨਹੀਂ ਠਹਿਰ ਸਕਦਾ, ਮੈਂ ਸਭ ਤੋਂ ਪਹਿਲਾਂ ਗੁਰੂ ਨੂੰ ਇਹ ਸਮਾਚਾਰ ਸੁਣਾਉਣਾ।

ਪ੍ਰੇਮੋ : ਵੇ ਓਹਨਾਂ ਨਾਲ ਨਾ ਜਾ, ਰੱਜ ਕੇ ਪੀਤੀ ਹੋਈ ਏ, ਧੌਲ ਧੱਫਾ ਮਾਰਨਗੇ।

ਸਾਧੂ : ਛੇਤੀ ਦਸ, ਕੀ ਗੱਲ ਏ?

ਪ੍ਰੇਮੋ : ਵੇ ਦੇਖੀਂ ਕੁੜੀ ਨੂੰ, ਹੁਣੇ ਮੇਰੇ ਨਾਲ ਆਈ ਸੀ। ਕਿਤੇ ਪਿੰਡ ਨੂੰ ਨਾ ਮੁੜ ਗਈ ਹੋਵੇ।

ਸਾਧੂ : ਕਿਹੜੀ ਓਹ ਸੋਹਣੀ ਜਹੀ ਕੁੜੀ, ਜੋ ਹੁਣੇ ਤੇਰੇ ਨਾਲ ਆਈ ਸੀ ? (ਮੁਸਕ੍ਰਾਂਦਾ ਹੋਇਆ) ਉਹ ਤਾਂ ਗੁਆਚਣੀ ਚਾਹੀਦੀ, ਵਧੀਆ ਮਾਲ ਵੇ।

ਪ੍ਰੇਮੋ : ਕਿਤੇ ਉਨ੍ਹਾਂ ਮੁਸ਼ਟੰਡਿਆਂ ਦੀਆਂ ਗੱਲਾਂ ਸੁਣ ਕੇ ਡਰ ਨਾ ਗਈ ਹੋਵੇ।

ਸਾਧੂ : (ਆਲੇ ਦੁਆਲੇ ਦੇਖਦਾ ਹੋਇਆ) ਉਨ੍ਹਾਂ ਕੁਫ਼ਰ ਵੀ ਤਾਂ ਬੇਹੱਦ ਤੋਲਿਆ।

ਪ੍ਰੇਮ : ਨੀ ਧੀਏ ਗੁਰਾਂ, ਕਿਥੇ ਛੁਪ ਗਈ ਏਂ? ਆ ਜਾ ਬੀਬੀ ਧੀ ਰਾਦੀ, ਹੁਣ ਬਹੁਤੀ ਦੇਰ ਨਹੀ ਲਾਵਾਂਗੀ।

ਸਾਧੂ : ਮੈਂ ਲਾਲਟੈਂਣ ਲਿਆਵਾਂ।

ਪ੍ਰੇਮੋ : ਨਾਲੇ ਬੈਟਰੀ ਵੀ ਫੜੀ ਆਵੀਂ।

ਸਾਧੂ : ਮੈਂ ਸ਼ਿਕਾਰੀ ਕੁੱਤਾ ਛੱਡਦਾਂ। ਦੇਖ ਹੁਣੇ ਲਭ ਲੈਂਦਾ ਏ।

ਪ੍ਰੇਮੋ : ਨੀ ਗੁਰਾਂ ਚੰਦਰੀਏ, ਹੈਥੇ ਕਮਾਦ ਵਿਚ ਕਾਲਾ ਨਾਗ ਰਹਿੰਦਾ ਏ। ਉਹਦਾ ਡੱਸਿਆ ਤਾਂ ਪਾਣੀ ਨਹੀਂ ਮੰਗਦਾ। (ਮਨ ਵਿਚ) ਕਿਤੇ ਉਨ੍ਹਾਂ ਮੁਸ਼ਟੰਗਿਆਂ ਦੇ ਹੱਥ ਲਗ ਗਈ ਹੋਵੇ। ਸੋਹਣੀ ਕੁੜੀ ਦਾ ਸਦਾ ਧੋਖਾ ਰਹਿੰਦਾ, ਝਟ ਮੁਸ਼ਕ ਵਾਂਗ ਖਿੰਡ ਜਾਂਦੀ ਏ। ਮੈਂ ਵੀ ਕੇਹੀ ਭੁੱਲ ਕੀਤੀ।

[ਪਰਦੇ ਦੇ ਪਿਛੇ ਸਾਧੂ ਸ਼ਿਕਾਰੀ ਕੁੱਤੇ ਨੂੰ ਛੀ, ਛੀ ਕਰਦਾ ਹੈ। ਕਮਾਦ ਵਿਚ ਗੁਰਾਂ ਦੇ ਉੱਚੀ ਉੱਚੀ ਚੀਕਾਂ ਮਾਰਨ ਦੀ ਆਵਾਜ਼ ਆਉਂਦੀ ਹੈ।]

ਪ੍ਰੇਮੋ : ਵੇ, ਰੋਕ ਕਤੀੜ ਨੂੰ, ਕਿਤੇਕੁੜੀ ਨੂੰ ਬੁਰਕ ਨਾ ਮਾਰੇ।

ਸਾਧੂ : ਸ਼ੇਰੂ, ਸ਼ੇਰੂ। ਰੁਕ ਜਾ! ਲੈ ਹੁਣ ਤੂੰ ਆਪਣੀ ਚੀਜ਼ ਸੰਭਾਲ, ਮੈਂ ਜਾਂਦਾ

ਪ੍ਰੇਮੋ : ਸ਼ੁਕਰ ਹੈ, ਸ਼ੁਕਰ ਹੈ ਪਰਮਾਤਮਾ ਦਾ! (ਦੋਵੇਂ ਹੱਥ ਜੋੜ ਸਿਰ ਝੁਕਾਂਦੀ ਹੋਈ) ਖੌਰੇ ਵਿਚਾਰੀ ਬਾਹਰ ਈ ਬੈਠੀ ਹੋਈ ਸੀ। ਮੈਂ ਵੀ ਤਾਂ ਸੁਭਾ ਦੀ ਕਾਹਲੀ ਆਂ। ਆ ਜਾ ਧੀਏ ਗੁਰਾਂ, ਮੈਂ ਈ ਡੋਲ ਗਈ ਸਾਂ, ਤੇਰਾ ਸਿਦਕ ਕੈਮ ਏ। ਅਸਲ, 'ਚ ਮੈਂ ਤਾਂ ਉਨ੍ਹਾਂ ਦੀਆਂ ਗੱਲਾਂ ਦੇ ਚੱਕਰ 'ਚ ਤੈਨੂੰ ਭੁੱਲ ਈ ਗਈ ਸਾਂ। ਉਲਟੀ ਮੇਰੀ ਮਤ। ਨੀ ਇਕ ਖ਼ੁਸ਼ਖ਼ਬਰੀ ਸੁਣ, ਸਾਡੇ ਗੁਰਾਂ ਸਿਰ ਛਤਰ ਝੁੱਲਣਗੇ, ਗਲ ਨੋਟਾਂ ਦੇ ਹਾਰ ਪੈਣਗੇ। ਸੱਚ ਏ, ਨੇਕ ਪੁਰਸ਼ ਦੀ ਨੇਕੀ ਖੱਬਲ ਵਾਂਗ ਵਧਦੀ ਏ। (ਗੁਰਾਂ ਨੂੰ ਦੇਖ ਕ) ਹੈ! ਨੀ ਤੈਨੂੰ ਕੀ ਹੋਇਆ? ਤੈਥੋਂ ਤਾਂ ਡਰ ਲਗ ਰਿਹਾ।

ਗੁਰਾਂ : ਮੈਂ ਡਰ ਗਈ ਸਾਂ! ਮੈਨੂੰ ਕਾਂਬਾ ਛਿੜਿਆ ਹੋਇਐ! ਮੈਨੂੰ ਫੜ ਲੈ!

ਪ੍ਰੇਮੋ : ਆ ਮੈਂ ਬੁੱਕਲ ਵਿਚ ਲੈ ਲਵਾਂ। ਡਰਨ ਤੇਰੇ ਵੈਰੀ, ਤੂੰ ਕਿਉਂ ਡਰੇਂ ਸੁਖੀਂ ਸਾਂਦੀ।

[ਡੇਰੇ ਅੰਦਰ ਬਹੁਤ ਉੱਚੀ ਉੱਚੀ ਹੱਸਣ ਦੀ ਆਵਾਜ਼ ਆਉਂਦੀ ਹੈ। ਗੁਰਾਂ ਡਰ ਨਾਲ ਹੋਰ ਇਕੱਠੀ ਹ ਜਾਂਦੀ ਹੈ। ਪ੍ਰੇਮੋ ਉਸ ਨੂੰ ਫੜ ਕੇ ਤਖ਼ਤਪੋਸ਼ ਉਤੇ ਬਠਾਉਂਦੀ ਹੈ।]

ਮਹੰਤ, ਭਲਵਾਨ ਤੇ ਜ਼ੈਲਦਾਰ ਨਸ਼ੇ ਵਿਚ ਚੂਰ ਹੱਸਦੇ ਹੱਸਦੇ ਬਾਹਰ ਆਉਂਦੇ ਹਨ। ਉਹ ਦੋਵੇਂ ਓਹਲੇ ਹੋ ਜਾਂਦੀਆਂ ਹਨ।

ਭਲਵਾਨ : ਮਹੰਤਾ, ਹੁਣ ਤੇਰੀਆਂ ਪੌਂ ਬਾਰਾਂ।

ਮਹੰਤ : ਰੱਬ ਜਦੋਂ ਬਹੁੜਦਾ, ਥੱਮ ਪਾੜ ਕੇ ਬੌਹੜਦਾ ਹੈ। ਉਂਜ ਚੰਗਾ ਈ ਹੋਇਆ। ਮਾਨਤਾ ਬਹਤ ਘਟ ਗਈ ਸੀ। ਲੋਕੀਂ ਨਾਸਤਕ ਹੁੰਦੇ ਜਾਂਦੇ ਨੇ। (ਭਲਵਾਨ ਦੇ ਮੋਢੇ ਤੇ ਹੱਥ ਮਾਰ ਕੇ) ਭਲਵਾਨਾ, ਨਵਾਂ ਪੈਂਤਰਾ ਬਦਲਣ ਦੀ ਲੋੜ ਸੀ।

ਭਲਵਾਨ : ਮਹੰਤਾ, ਮੈਂ ਤੈਨੂੰ ਪਹਿਲਾਂ ਦਸਿਆ, ਵਜ਼ੀਰੀ ਅੱਜ ਸਭ ਤੋਂ ਵੱਡੀ ਮਹੰਤੀ ਏ।

ਜ਼ੈਲਦਾਰ : ਸਾਡੇ ਵਾਂਗ ਬੰਦੇ ਨੂੰ ਜ਼ਮਾਨੇ ਨਾਲ ਬਦਲਣਾ ਚਾਹੀਦਾ।

ਮਹੰਤ : ਸਾਰੀ ਸਿਆਣਪ ਇਸੇ ਗੱਲ ਵਿਚ ਲਕੀ ਹੋਈ ਏ। ਚੰਗਾ ਹੁਣ ਚਲੋ, ਸਵੇਰੇ ਹੀ ਕੰਮ ਸ਼ੁਰੂ ਕਰ ਦਿਓ।

ਭਲਵਾਨ : ਕੰਮ ਸ਼ੁਰੂ ਹੀ ਸਮਝ, ਤੂੰ ਮਾਇਆ ਦਾ ਪ੍ਰਬੰਧ ਕਰ।

ਮਹੰਤ : ਮਾਇਆ ਦੀ ਸਾਨੂੰਸ਼ ਕੋਈ ਕਮੀ ਨਹੀਂ। ਜਿੰਨੇ ਆਖੋ।

ਭਲਵਾਨ : ਬਸ ਬਸ ਮਹੰਤਾ, ਹੁਣ ਹੱਥ ਨਾ ਘੁੱਟੀਂ। ਵਾਰੇ ਨਿਆਰੇ ਹੋ ਜਾਣਗੇ।

ਜ਼ੈਲਦਾਰ : ਸਭ ਕੁਝ ਦੂਣ ਸਵਾਇਆ ਹੋ ਕੇ ਮੁੜ ਆਉਣਾ।

ਭਲਵਾਨ : ਨਾਲੇ ਇਕ ਸਾਲਮ ਠੇਕਾ ਸਾਡੇ ਹਵਾਲੇ ਕਰ ਦੇਈਂ।

ਮਹੰਤ : ਉਹ ਵੀ ਹੋ ਜਾਵੇਗਾ। ਕਲ੍ਹ ਤੋਂ ਹੀ ਭੱਠੀ ਚਾਲੂ ਕਰ ਦਿੰਦੇ ਆਂ।

ਭਲਵਾਨ : ਬਸ ਫੇਰ ਨਿਸਚਿੰਤ ਸੌਂ।

[ਉਹ ਹੱਸਦੇ ਹੱਸਦੇ ਜਾਂਦੇ ਹਨ। ਮਹੰਤ ਤਖ਼ਤਪੋਸ਼ ਤੇ ਬੈਠ ਕੇ ਝੂੰਮਦਾ ਹੈ।]

ਹਨੇਰਾ

[ਕੁਝ ਪਲਾਂ ਪਿਛੋਂ ਮੱਧਮ ਚਾਨਣੇ ਵਿਚ ਤਖ਼ਤ ਪੋਸ਼ ਉੱਤੇ ਮਹੰਤ ਸੁੱਤਾ ਹੋਇਆ ਦਿਖਾਈ ਦਿੰਦਾ ਹੈ। ਇਕ ਇਸਤ੍ਰੀ ਉਸ ਦੀਆਂ ਲੱਤਾਂ ਘੁੱਟ ਰਹੀ ਹੈ। ਮਹੰਤ ਉੱਚੀ ਉੱਚੀ ਹੱਸਦਾ ਹੈ ਅਤੇ ਬੁੜਬੜਾਂਦਾ ਹੈ। "ਭਲਵਾਨਾ, ਬੜੇ ਹੁਸ਼ਿਆਰ ਨਿਕਲੇ, ਗੁਰਾਹੀ ਸ਼ੁਰੂ ਵੀ ਕਰ ਦਿੱਤੀ, ਠੀਕ ਹੈ, ਠੀਕ ਹੈ!"]

[ਰਾਤ ਦਾ ਪਹਿਲਾ ਪਹਿਰ। ਪਹਿਰੇਦਾਰ ਦੀ ਦੋ ਤਿੰਨ ਦਫ਼ਾ "ਜਾਗ ਓ" ਦੀ ਲੰਮੀ ਹੇਕ ਸੁਣਾਈ ਦਿੰਦੀ ਹੈ। ]

ਵਕਫ਼ਾ

[ਕੁਝ ਦੇਰ ਪਿਛੋਂ ਮੰਚ ਉੱਤੇ ਦੁੱਧ ਚਿੱਟਾ ਚਾਨਣਾ। ਤਿੰਨ ਬੰਦੇ ਸਟੇਜ ਉਤੇ ਘੁੰਮਦੇ ਦਿਖਾਈ ਦੇਂਦੇ ਹਨ। ਉਨ੍ਹਾਂ ਵਿਚੋਂ ਇਕ ਹੈ ਇਲਾਕੇ ਦਾ ਘੜੱਮ ਚੌਧਰੀ, ਜਿਸ ਨੂੰ ਦੇਹੀ-ਪਿੰਡ। ਤਕੜਾ ਹੋਣ ਕਰਕੇ ਲੋਕੀਂ ਭਲਵਾਨ ਕਹਿੰਦੇ ਹਨ। ਉਸ ਦੀ ਹੁਸ਼ਿਆਰੀ ਤੇ ਰੁਅਬ-ਦਾਸ ਪਿਛਲੀ ਝਾਕੀ ਵਿਚ ਪ੍ਰਗਟ ਹੋ ਚੁੱਕਾ ਹੈ। ਦੂਜਾ ਹੈ: ਸੁੱਚਾ ਸਿੰਘ, ਸਾਬਕ ਐਮ.

ਐਲ. ਏ., ਜੋ ਅਪਣਾ ਵੱਕਾਰ ਮੁੜ ਸਥਾਪਤ ਕਰਨ ਦੇ ਆਹਰਵਿਚ ਹੈ। ਤੀਜਾ ਹੈ ਇਲਾਕੇ ਦਾ ਸਾਬਕ ਜ਼ੈਲਦਾਰ ਸੁਰੈਣ ਸਿੰਘ, ਜੋ ਬੜਾ ਚਲਾਕ ਤੇ ਜ਼ਮਾਨੇਸਾਜ਼ ਹੈ। ਇਹ ਤਿੰਨੇ ਫੰਡ ਇਕੱਠਾਕਰ ਰਹੇ ਹਨ। ]

ਮੰਚ ਉਤੇ ਕੋਈ ਘਰ ਬਣਾਉਣ ਦੀ ਲੋੜ ਨਹੀਂ, ਜਿਸ ਨੂੰ ਇਹ ਆਵਾਜ਼ ਮਾਰਨ ਉਹ ਪਰਦੇ ਪਿਛੋਂ ਹੁੰਗਾਰਾ ਭਰ ਕੇ ਅਗੇ ਆ ਸਕਦਾ ਹੈ।

ਸੁੱਚਾ ਸਿੰਘ : ਗ਼ਲਤ ਘਰ ਤੋਂ ਸ਼ੁਰੂ ਕਰਨ ਲਗੇ ਆਂ।

ਸੁਰੈਣ ਸਿੰਘ : ਪਈ ਕਿਹੜਾ ਮਿਥ ਕੇ ਤੁਰੇ ਆਂ, ਜਿਹੜਾ ਸਾਹਮਣੇ ਆ ਗਿਆ, ਠੀਕ ਏ।

ਭਲਵਾਨ : ਸੁੱਚਾ ਸਿਆਂ, ਫ਼ਿਕਰ ਨਾਕਰ, ਅਸੀਂ ਗ਼ਲਤ ਨੂੰ ਵੀ ਦਰੁੱਸਤ ਕਰ ਦਿਆਂਗੇ। ਕਿਸਮਤ ਬੰਦੇ ਦੀ ਬਾਂਦੀ ਏ।

ਸੁਰੈਣ ਸਿੰਘ : ਫੇਰ ਤੂੰ ਹੀ ਵਾਜ ਮਾਰ।

ਭਲਵਾਨ : ਭਾਗ ਮੱਲਾ, ਓਇ ਭਾਗ ਮੱਲਾ।

ਸੁੱਚਾ ਸਿੰਘ : ਵੇਲੇ ਵੇਲੇ ਦੀ ਗੱਲ ਏ। ਕਿਸੇ ਸਮੇਂ ਇਸ ਨੂੰ ਜੀ ਜੀ ਕਰਦਿਆਂ ਦਾ ਮੂੰਹ ਸੁੱਕਦਾ ਹੁੰਦਾ ਸੀ।

ਭਾਗ ਮੱਲ : (ਅੰਦਰੋਂ ਹੀ) ਕਿਹੜੇ ਓ ਭਈ?

ਭਲਵਾਨ : ਬਾਹਰ ਨਿਕੇ ਕੇ ਗੱਲ ਕਰ।

ਭਾਗ ਮੱਲ : ਹੱਈ ਸ਼ਾਬਾਸ਼ੇ। ਆ ਆਓ ਧੰਨ ਭਾਗ। ਮੇਰਾ ਤਾਂ ਧੁੜਕੂ ਨਿਕਲ ਗਿਆ ਸੀ ਮੈਂ ਕਿਹਾ ਖ਼ੌਰੇ ਪੁਲੀਸ ਦੇ ਬੰਦੇ ਨੇ।

ਜ਼ੈਲਦਾਰ : ਪੁਲੀਸ ਦੇ ਭੇਜੇ ਹੋਏ ਈ ਆਏ ਆਂ। ਪਤਾ ਲੱਗਾ ਏ ਤੇਰੇ ਅੰਦਰ ਬੜਾ ਮਾਲ ਠਾਲ ਹੈ।

ਭਾਗਮੱਲ : ਰਾਮ, ਰਮਾ! ਸ਼ਾਹੂਕਾਰਾਂ ਦਾ ਤਾਂ ਬੈਂਕਾਂ ਨੇ ਦੁਆਲਾ ਕੱਢ ਦਿੱਤਾ ਏ। ਨਾਰਾਇਣ ਸਾਖੀ ਏ, ਸਾਨੂੰ ਤਾਂ ਰੋਟੀ ਦੇ ਸੰਸੇ ਪਏ ਹੋਏ ਨੇ। ਨਾਲੇ, ਸਾਡੇ ਵਿਚ ਮਾਲ ਰਖਣ ਦਾ ਹੌਸਲਾ ਕਿਥੇ। ਹੁਕਮ ਕਰੋ, ਕੀ ਸੇਵਾ ਕਰਾਂ, ਕੋਈ ਲੱਸੀ ਪਾਣੀ।ਅੰਦਰ ਤਾਂ ਆਓ। ਝਟ ਬੈਠੋ ਤਾਂ ਸਹੀ।

ਸੁੱਚਾ ਸਿੰਘ : ਗੱਲੀਂ ਬਾਤਂ ਦੇਖ ਕਿੱਦਾਂ ਘਰ ਪੂਰਾ ਕਰੀ ਜਾਂਦੈ।

ਸੁਰੈਣ ਸਿੰਘ : ਗੱਲਾਂ ਦਾ ਖਟਿਇਆ ਖਾਂਦਾ ਏ ਪਾਗ ਮਲ।

ਭਲਵਾਨ : ਬੈਠਣ ਵਾਲੀ ਗੱਲ ਨਹੀਂ। ਤੇਥਰੇ ਗਲੋਂ ਬਲਾ ਟਾਲਣ ਲਈ ਇਕ ਜੁਗਤ ਸੋਚੀ ਐ।

ਭਾਗ ਮੱਲ : ਪਰ ਗੱਲ ਦਾ ਥਹੁ ਸਿਰਾ ਤਾਂ ਪਤਾ ਲੱਗੇ, ਤੁਸੀਂ ਤਾਂ ਮੈਨੂੰ ਗੱਲਾਂ ਗੱਲਾਂ ਵਿਚ ਬੌਂਦਲਾ ਦਿੱਤਾ ਏ।

ਸੁਰੈਣ ਸਿੰਘ: ਕਿਸੇ ਦੂਤੀ ਦੁਸ਼ਮਣ ਨੇ ਤੇਰੀ ਸ਼ਕਾਇਤ ਕੀਤੀ ਏ।

ਭਾਗ ਮੱਲ: (ਝੇਪ ਕੇ) ਕਿਥੇ ਜੀ, ਐਵੇਂ ਗੁਜ਼ਾਰਾ ਈ ਏ। ਪੇਟ ਨੂੰ ਝੁਲਕਾ ਦੇਣ ਖ਼ਾਤਰ ਹੱਥ ਪੈਰਤਾਂਬੰਦਾ ਮਾਰਦਾ ਈ ਏ ਨਾ। ਹੱਥ ਤੇ ਹੱਥ ਧਰ ਕੇ ਬੈਠਿਆਂ ਵੀ ਗੁਜ਼ਾਰਾ ਨਹੀਂ ਹੁੰਦਾ।

ਜੈਲਦਾਰ : ਭਾਗਮੱਲਾ, ਗੱਲ ਪੈਸੇ ਦੀ ਨਹੀਂ ਹੁੰਦੀ, ਪੈਸੇ ਕਮਾਣ ਦੇ ਢੰਗ ਦੀ ਹੁੰਦੀ ਹੈ। ਕਿੱਤਾ ਸ਼ਰਾਫਤ ਵਾਲਾ ਹੋਣਾ ਚਾਹੀਦਾ ਏ।

ਭਾਗ ਮੱਲ : ਵੱਡਾ ਲੜਕਾ ਜ਼ਰੂਰ ਅਵੱਲੇ ਜਿਹੇ ਕੰਮ ਕਰਦੈ, ਆਪਣੀ ਕੀਤੀ ਭੁਗਤੇਗਾ।

ਭਲਵਾਨ : ਸਮੱਗਲਰਾਂ ਨਾਲ ਰਲਿਆ ਹੋਇਐ, ਕਿਸੇ ਦਿਨ ਅਚਾਨਕ ਛਾਪਾ ਵਜ ਜਾਣਾ ਏਂ।

ਭਾਗ ਮੱਲ : ਕਿਉਂ ਪਰੇਸ਼ਾਨ ਕਰ ਰਹੇ ਓ, ਵਿਚਲੀ ਗੱਲ ਦੱਸੋ ਛੇਤੀ।

ਭਲਵਾਨ : ਅਗਲੇ ਐਤਵਾਰ ਨੂੰ ਰਾਜ ਮੰਤਰੀ ਪਿੰਡ ਪਧਾਰ ਰਿਹਾ ਏ। ਸੂਬੇ ਦੇ ਸਤਾਰਾਂ ਮੰਤਰੀਆਂ ਨੇ ਪੰਜਾਬ ਦਾ ਕੁਲ ਇਲਾਕਾ ਆਪੋ ਵਿਚ ਵੰਡ ਲਿਆ ਏ। ਉਹ ਲੋਕਾਂ ਦੇ ਸ਼ਿਕਵੇ ਸ਼ਕਾਇਤਾਂ ਮੌਕੇ ਤੇ ਸੁਣ ਕੇ ਫੈਸਲੇ ਕਰਨਗੇ।

ਭਾਗ ਮੱਲ: ਫੇਰ ਮੈਨੂੰ ਕਾਹਦਾ ਤੌਖ਼ਲਾ ਏ। ਮੈਂ ਕਿਹੜਾ ਲੁੱਟ ਦਾ ਮਾਲ ਲੁਕਾਈ ਬੈਠਾਂ। ਜਿਹੜਾ ਕਰਗਾ ਸੋ ਭਰੇਗਾ। ਮੁੰਡੇ ਆਪਣੀ ਕੀਤੀ ਭੁਗਤਣਗੇ।

ਜ਼ੈਲਦਾਰ : ਭਾਗ ਮੱਲਾ, ਦਾਣਿਆਂ ਨਾਲ ਘੁਣ ਵੀ ਪੀਸਿਆ ਜਾਂਦੈ।

ਭਾਗ ਮੱਲ: ਜ਼ੋਰਾਵਰੋ, ਪਤਾ ਵੀ ਲਗੇ ਕਿਹੜੇ ਕੀਤੀ ਏ ਸ਼ਕਾਇਤ ਮੇਰੇ ਖ਼ਿਲਾਫ਼?

ਭਲਵਾਨ : ਮੇਰਾ ਖ਼ਿਆਲ ਏ ਵੱਡੇ ਵਿਹੜੇ ਵਾਲੇ ਸੁਰਜਨ ਨੇ ਅਰਜ਼ੀ ਦਿੱਤੀ ਏ।

ਭਾਗ ਮੱਲ: ਕੀ ਲਿਖਿਆ ਉਸ ਵਿਚ।

ਭਲਵਾਨ : ਪਈ ਬਜ਼ੁਰਗਾਂ ਨੇ ਇਕ ਮਣ ਦਾਣੇ ਉਧਾਰੇ ਲਏ ਸਨ। ਉਸ ਬਦਲੇ ਸਾਰਾ ਘਰ ਕੁੱਲਾ ਕੁਰਕ ਕਰਵਾ ਲਿਆ।

ਭਾਗ ਮੱਲ : (ਅੰਦਰਲੇ ਡਰ ਨਾਲ ਕੰਬ ਕੇ) ਉਹ ਤਾਂ ਬਹੁਤ ਪੁਰਾਣੀ ਗੱਲ ਏ।

ਭਲਵਾਨ : ਭਾਗ ਮੱਲਾ, ਅੱਜ ਦੀ ਸਰਕਾਰ ਕਿਸਾਨਾਂ ਦੇ ਹੱਕ ਦੀ ਸਰਕਾਰ ਏ। ਲੋਕੀਂ ਪੁਰਾਣੇ ਮੁਰਦੇ ਫਰੋਲ ਰਹੇ ਨ। ਪੁਰਾਣੀਆਂ ਕਿੜਾਂ ਕੱਢਣ ਲੱਗੇ ਨੇ।

ਭਾਗ ਮੱਲ : ਜੋ ਆਗਿਆ ਦਿਓਗੇ ਤਾਂ ਚਾਰ ਦਿਨ ਕਿਧਰੇ ਖਿਸਕ ਜਾਵਾਂਗਾ।

ਸੁੱਚਾ ਸਿੰਘ : ਫੇਰ ਸਗੋਂ ਹੋਰ ਸ਼ੱਕ ਪਵੇਗਾ।

ਜ਼ੈਲਦਾਰ : ਇਸ ਤਰ੍ਹਾਂ ਸਗਂ ਕਸੂਰਵਾਰ ਸਿੱਧ ਹੋਵੇਂਗਾ।

ਭਲਵਾਨ : ਖਿਸਕਣ ਦੀ ਲੋੜ ਨਹੀਂ, ਅਸੀਂ ਜੂ ਬੈਠੇ ਆਂ ਤੇਰੀ ਪਿੱਠ ਤੇ।

ਜੈਲਦਾਰ : ਜ਼ਿਲੇ ਦੇ ਸਾਰੇ ਅਫ਼ਸਰ ਕੱਠੇ ਜੁੜੇ ਬੈਠੇ ਨੇ।

ਸੁੱਚਾ ਸਿੰਘ : ਕਾਨੂੰਗੋ, ਤਹਿਸੀਲਦਾਰ ਪਰਸੋਂ ਦੇ ਪੰਚਾਇਤ ਘਰ ਵਿਚ ਡੇਰੇ ਲਾਈ ਬੈਠੇ ਨੇ। ਪਿਛਲੇ ਕਾਗਜ਼ ਫਰੋਲ ਰਹੇ ਨੇ।

ਭਲਵਾਨ : ਰਾਜ ਮੰਤਰੀ ਬਹੁੀਤ ਸਖ਼ਤ ਸੁਣਿਆ ਏ।

ਭਾਗ ਮੱਲ: (ਡਰਦਾ ਹੋਇਆ) ਫੇਰ ਮੇਰੇ ਗੋਚਰੇ ਕੀ ਸੇਵਾ ਲਾਈ ਏ।

ਭਲਵਾਨ : ਭਰਾਵਾਂ ਦੀ ਜਾਨ ਸੁਖਾਲੀ ਕਰਨ ਲਏ. ਅਸੀਂ ਕੁਝ ਸੋਚਿਆ ਏ।

ਭਾਗ ਮੱਲ: ਮੈਨੂੰ ਵੀ ਦੱਸੋ ਨਾ, ਮੈਂ ਕੋਈ ਓਪਰਾ ਹਾਂ।

ਸੁਰੈਣ ਸਿੰਘ : ਤਾਹੀਉਂ ਤਾਂ ਪਹਿਲਾਂ ਤੇਰੇ ਵਲ ਆਏ ਆਂ।

ਸੁੱਚਾ ਸਿੰਘ : ਸਿਆਣਾ ਬੰਦਾ ਏਂ ਸਗੋਂ ਕੋਈ ਨੇਕ ਸਲਾਹ ਦੇਵੇਂਗਾ।

ਭਲਵਾਨ : ਰਾਜ ਮੰਤਰੀ ਨੂੰ ਖੁਸ਼ ਕਰਨ ਲਈ ਅਸੀਂ ਥੈਲੀ ਭੇਅ ਕਰ ਰਹੇ ਆਂ।

ਭਾਗ ਮੱਲ : ਬੜੀ ਸਿਆਣੀ ਤਜਵੀਜ਼ ਏ। ਅੱਜ ਦੇ ਜ਼ਮਾਨੇ ਵਿਚ ਨਕਦ ਨਰੈਣ ਸਭ ਤੋਂ ਵੱਡਾ ਜਾਦੂ ਏ। ਭੇਟਾ ਦਿਤੇ ਬਿਨਾਂ ਅੱਜ ਕੋਈ ਕੰਮ ਨਹੀਂ ਸੌਰਦਾ।

ਭਲਵਾਨ : ਫਿਰ ਤੂੰ ਵੰਡ ਵਿਚ ਸਭ ਤੋਂ ਵੱਧ ਹਿੱਸਾ ਪਾ।

ਜ਼ੈਲਦਾਰ : ਦੇਖ, ਤੇਰੇ ਘਰੋਂ ਗੁਰਾਹੀ ਸ਼ੁਰੂ ਕਰਨ ਲੱਗੇ ਆਂ।

ਸੁੱਚਾ ਸਿੰਘ : ਦਿਲ ਤਕੜਾ ਕਰ ਕੇ ਗੱਲ ਕਰੀਂ। ਤੈਥੋਂ ਬੋਹਣੀ ਕਰ ਰਹੇ ਆਂ।

ਭਾਗ ਮੱਲ: ਮੇਰੇ ਗ਼ਰੀਬ ਕੋਲ ਦੇਣ ਨੂੰ ਹੈ ਕੀ।

ਭਲਵਾਨ : ਵਾਹ! ਛੋਟੇ ਮੁੰਡ ਨੇ ਤੇਲ ਚੀਨੀ ਦੀ ਡੀਪੂ ਵਿਚੋਂ ਚੰਗੇ ਹੱਥ ਰੰਗੇ ਨੇ, ਅਜੇ ਕਹਿੰਦਾ ਮੇਰੇ ਕੋਲ ਹੈ ਕੀ।

ਜੈਲਦਾਰ: ਤੁਸੀਂ ਇਹਦੀਆਂ ਗੱਲਾਂ ਸੁਣਦੇ ਓ। ਗਭਲੇ ਮੁੰਡੇਨੇ ਮਿਰਚਾਂ ਦਾ ਵਪਾਰ ’ਚੋਂ ਪਿਛਲੇ ਵਰ੍ਹੇ 30 ਹਜ਼ਾਰ ਪਟਿਐ।

ਸੁੱਚਾ ਸਿੰਘ : ਜ਼ੈਲਦਾਰਾ, ਤੈਨੂੰ ਬੜੀ ਖ਼ਬਰ ਏ।

ਜ਼ੈਲਦਾਰ : ਟੈਕਸ ਵਾਲੇ ਮੈਥੋਂ ਪੁੰਛ ਪ੍ਰਤੀਤ ਜੋ ਕਰਦੇ ਰਹਿੰਦੇ ਨੇ।

ਭਾਗ ਮੱਲ : (ਅਤ੍ਰੀਵ ਡਰ ਨਾਲ) ਹੁਕਮ ਰੋ, ਪੰਚਾਇਤ ਦਾ ਕਹਿਣਾ ਵੀ ਤਾਂ ਮੰਨਣਾ ਹੋਇਐ।

ਭਲਵਾਨ : ਬਸ ਫੇਰ ਦਸਵੰਧ ਕੱਢ ਛਡ।

ਭਾਗ ਮੱਲ : ਚਲੋਮੇਰਾ ਸੌ ਰੁਪਿਆ ਲਿਖ ਲਓ।

ਭਲਵਾਨ : ਬੱਲੇ ਓਇ ਭਾਗ ਮੱਲਾ, ਬਹੁਤ ਵੱਡੀ ਛਾਲ ਮਾਰੀ ਏ! ਪੰਜ ਹਜ਼ਾਰ ਤੋਂ ਘੱਟ ਨਹੀਂ ਜੇ ਲੈਣਾ।

ਜ਼ੈਲਦਾਰ : ਭਾਗ ਮੱਲ ਨੇ ਤਾਂ ਅਸਲੋਂ ਲਿੱਦ ਕਰ ਛੱਡੀ ਏ। ਅਸੀਂ ਕੋਈ ਗੁਰਪੁਰਬ ਲਈ ਚੰਦਾ ’ਕੱਠਾ ਕਰਦੇ ਫਿਰਦੇ ਆਂ।

ਭਾਗ ਮੱਲ : ਆਪਣੇਘਰ ਦਾ ਹਰ ਇਕ ਨੂੰ ਪਤਾ ਹੁੰਦਾ। ਦੋ ਕੁੜੀਆਂ ਦੇ ਵਿਆਹ ਕਰਨੇ ਨੇ ਚੜ੍ਹਦੇ ਵੈਸਾਖ।

ਭਲਵਾਨ : ਅਸੀਂ ਲੰਮੇ ਝੇੜਿਆਂ ਵਿਚ ਨਹੀਂ ਪੈਂਦੇ, ਜੇ ਨਹੀਂ ਸਲਾਹ ਤਾਂ ਨਾ ਸਹੀ।

ਭਾਗ ਮੱਲ : ਭਲਵਾਨ ਜੀ, ਨਾਰਾਜ਼ ਕਿਉਂ ਹੁੰਦੇ ਓ। ਠਹਿਰੋ ਤਾਂ ਸਹੀ।

ਜ਼ੈਲਦਾਰ : ਨਾਰਾਜ਼ਗੀ ਵਾਲੀ ਗੱਲ ਤਾਂ ਸਗੋਂ ਤੂੰ ਕਰਦਾ ਏਂ। ਸਾਡੇ ਪੁੱਤ ਦੇ ਵਿਆਹ ਤੇ ਸ਼ਗਨ ਦੇਣ ਲੱਗੈਂ, ਐਨਾ ਭਾਰਾ ਪੈਂਦਾ ਏਂ।

ਭਲਵਾਨ : ਚੰਦਾ ਤੇਰੇ ਨਾਲ ਰਿਆਇਤ ਕਰ ਦੇਂਦੇ ਆਂ, ਤੂੰ ਦੋ ਹਜ਼ਾਰ ਈ ਦੇ ਛਡ।

ਸੁੱਚਾ ਸਿੰਘ : ਬਸ ਬਸ, ਭਲਵਾਨ ਨੇ ਦੋ ਟੁਕ ਫ਼ੈਸਲਾ ਕਰ ਦਿੱਤਾ ਏ।

ਭਾਗ ਮੱਲ : ਤੁਹਾਨੂੰ ਵੀ ਨਾਰਾਜ਼ ਨਹੀਂ ਕਰ ਸਕਦਾ, ਭਾਰਾ ਕਬੀਲਦਾਰ ਆਂ। ਇਕ ਹਜ਼ਾਰ ਕਬੂਲ ਕਰੋ।

ਜੈਲਦਾਰ : ਭਲਵਾਨ ਜੀ, ਬੋਹਣੀ ਖ਼ਾਤਰ ਨਾਂਹ ਨਾ ਕਰਨੀ।

ਭਲਵਾਨ : ਚੰਗਾ ਫੇਰ ਨਕਦ ਕਢ ਦੇ, ਜ਼ੈਲਦਾਰ ਦੀ ਗੱਲ ਮੰਨ ਲੈਂਦੇ ਆਂ।

ਭਾਗ ਮੱਲ : (ਅੱਧੇ ਦਿਲ ਨਾਲ ਅੰਦਰ ਜਾਣ ਲੱਗਾ) ਜੇ ਕਲ੍ਹ ਲੈ ਜਾਉ ਤਾਂ ਚੰਗਾ ਏ।

ਭਲਵਾਨ : ਪਹਿਲ ਘਰੋਂ ਅਸੀਂ ਖ਼ਾਲੀ ਹੱਥ ਬਿਲਕੁਲ ਨਹੀਂ ਜਾਣਾ।

ਸੁੱਚਾ ਸਿੰਘ : (ਉਸ ਦੇ ਅੰਤਰ ਜਾਣ ਪਿੱਛੋਂ) ਲਓ ਨਈ ਚੰਗਾ ਸ਼ਗਨ ਹੋਇਆ ਏ।
ਹੁਣ ਆਪਾਂ ਵੀਹ ਹਜ਼ਾਰ ਤੋਂ ਘੱਟ ਨਹੀਂ ਰਹਿਣ ਲੱਗੇ।

ਜ਼ੈਲਦਾਰ : ਭਲਵਾਨ ਦਾ ਰੋਹਬ ਦਾਅਬ ਹੀ ਐਸਾ ਹੈ।

ਭਲਵਾਨ : ਕੁਲ ਵੀਹ? ਚਾਲ੍ਹੀ ਹਜ਼ਾਰ ਤੋਂ ਘੱਟ ਹਿਸਾਬ ਸੂਤ ਨਹੀਂ ਬੈਠਣਾ।
ਚਾਰ ਬੰਦੇ ਆਂ।

ਜ਼ੈਲਦਾਰ : ਥੈਲੀ ਕਿੰਨੇ ਕੁ ਦੀ ਭੇਟ ਕਰਨੀਂ ਏਂ।

ਭਲਵਾਨ : ਦਸ ਹਜ਼ਾਰ ਦੀ।

ਸੁੱਚਾ ਸਿੰਘ: ਠੀਕ ਐ, ਠੀਕ ਐ, ਤੇਰੇ ਨਾਲ ਲਗ ਕੇ ਅਸੀਂ ਵੀ ਤਰ ਜਾਵਾਂਗੇ।

ਜ਼ੈਲਦਾਰ : ਮੈਨੂੰ ਤਾਂ ਏਸ ਸੂਮ ਤੋਂ ਸੌ ਦੀ ਵੀ ਆਸ ਨਹੀਂ ਸੀ। ਤੇਰੇ ਦਬ ਦਬੇ ਕਰ ਕੇ ਝੜਿਆ ਏ।

ਸੁੱਚਾ ਸਿੰਘ : ਭਾਈਆ, ਤੈਥੋਂ ਉਂਜ ਵੀ ਲੋਕੀਂ ਡਰਦੇ ਨੇ ਅਖੇ ਘਸੁੰਨ ਨੇੜੇ ਕਿ ਰੱਬ। ਨਾਲੇ ਤੂੰ ਤਾਂ ਪਹਿਲਾਂ ਓਹਦੇ ਜ਼ਰਕਾਟ ਕੱਢ ਛੱਡੇ ਨੇ।

ਜ਼ੈਲਦਾਰ: (ਇਸ਼ਾਰੇ ਨਾਲ) ਚੁੱਪ !

ਭਾਗ ਮੱਲ : ਆਹ ਲਓ ਸੌ ਸੌ ਦੇ ਦਸ ਨੋਟ।

ਭਲਵਾਨ: ਹਉਕੇ ਕਿਉਂ ਲੈਂਦਾ ਏਂ ਹੁਣ ਸੁਖ ਦੀ ਨੀਂਦੇ ਸੌਂ ਬੇਸ਼ੱਕ।

ਜ਼ੈਲਦਾਰ : (ਭਾਗ ਮੱਲ ਨੂੰ ਅੰਦਰ ਜਾਂਦਾ ਦੇਖ ਕੇ) ਹੁਣ ਦੱਸੋ, ਕਿਸ ਦੇ ਵਰ੍ਹੀਏ?

ਭਲਵਾਨ : ਓਹ ਸਾਹਮਣੇ ਡਾਕਟਰ ਨੂੰ ਭੁਗਤਾਉਂਦੇ ਚਲੋ।

ਜ਼ੈਲਦਾਰ : ਡਾਕਟਰ ਕਿ ਨੀਕ ਹਕੀਮ।

ਸੁੱਚਾ ਸਿੰਘ: ਫੱਟਾ ਤਾਂ ਦੇਖੋ ਕਿੱਡਾ ਵੱਡਾ ਲਾਇਆ ਹੋਇਐ।

ਭਲਵਾਨ : ਡਾਕਟਰ ਸਾਹਿਬ, ਬਾਹਰ ਆ ਜ਼ਰਾ।

ਡਾਕਟਰ : (ਲਾ ਪਰਵਾਹੀ ਨਾਲ) ਠਹਿਰੋ, ਮੁੰਨੀ ਨੂੰ ਦਵਾ ਦੇ ਕੇ ਆਉਂਦਾ।

ਭਲਵਾਨ : (ਰੁਹਬ ਨਾਲ) ਦੇਖਦਾ ਨਹੀਂ ਤੂੰ, ਅਸੀਂ ਕੌਣ ਖੜੇ ਆਂ। ਚਲੋ ਭਈ ਚਲੀਏ, ਦੇਈ ਜਾਣ ਦਿਓ ਦਵਾ ਵੱਡੇ ਡਾਕਟਰ ਨੂੰ।

ਡਾਕਟਰ : (ਛੇਤੀ ਛੇਤੀ ਬਾਹਰ ਆ ਕੇ ਹੱਥ ਜੋੜਦਾ ਹੋਇਆ) ਮੁਆਫ਼ ਕਰਨਾ, ਮੈਂ ਬਾਹਰ ਧਿਆਨ ਨਹੀਂ ਸੀ ਮਾਰਿਆ।

ਸੁੱਚਾ ਸਿੰਘ : ਤੂੰ ਆਵਾਜ਼ ਵੀ ਨਹੀਂ ਪਛਾਣਦਾ?

ਡਾਕਟਰ : ਬੇ-ਧਿਆਨਾ ਬੈਠਾ ਸਾਂ।

ਜ਼ੈਲਦਾਰ : ਚੰਗੀ ਦਵਾ ਦਿੰਦਾ ਹੋਵੇਂਗਾ ਤੂੰ ਲੋਕਾ ਨੂੰ।

ਭਲਵਾਨ : ਤੇਰੇ ਭਲੇ ਖਾਤਰ ਆਏ ਸਾਂ।

ਡਾਕਟਰ: ਹੁਕਮ ਕਰੋ।

ਭਲਵਾਨ : ਗੱਲ ਕੁਝ ਟੇਢੀ ਜਿਹੀ ਏ, ਦਸਦਿਆਂ ਵੀ ਸ਼ਰਮ ਆਉਂਦੀ ਏ।

ਡਾਕਟਰ : (ਚਿੰਤਾਤੁਰ ਹੁੰਦਾ ਹੋਇਆ) ਐਸੀ ਕਿਹੜੀ ਗੱਲ ਏ?

ਭਲਵਾਨ : ਤੇਰੇ ਖਿਲਾਫ਼ ਦੋ ਰਿਪੋਰਟਾਂ ਦਰਜ ਹੋਈਆਂ ਪਈਆਂ, ਕੁਝ ਪਤਾ ਤੈਨੂੰ?

ਡਾਕਟਰ: ਨਹੀਂ ਜੀ, ਕੀਹਨੇ ਕੀਤੀਆਂ?

ਭਲਵਾਨ : ਮੇਹਰੂ ਦੇ ਮੁੰਡੇ ਦੀ ਮੌਤ ਤੇਰੇ ਹੱਥੋਂ ਹੋਈ ਏ ਨਾ?

ਡਾਕਟਰ : ਉਹ ਤਾਂ ਜੀ ...

ਭਲਵਾਨ : ਦੂਜੀ ਸ਼ਿਕਾਇਤ ਲੰਬੜਾਂ ਦੀ ਬਹੂ ਦੀ ਮੌਤ ਬਾਰੇ ਹੈ।

ਡਾਕਟਰ : ਮੈਂ ਤਾਂ ਦੋਹਾਂ ਨੂੰ ਬਚਾਉਣ ਲਈ ਪੂਰੀ ਪੂਰੀ ਵਾਹ ਲਾਈ ਸੀ।

ਭਲਵਾਨ : ਸਾਰਾ ਪਿੰਡ ਉਗਾਹ ਹੈ ਕਿ ਤੂੰ ਮੁੰਡੇ ਨੂੰਜਬੋ ਲੋਟੇ ਦਾ ਐਸਾ ਗਲਤ ਜੁਲਾਬ ਦਿੱਤਾ ਕਿ ਦਸਤ ਮੁੰਡੇ ਦੀ ਮੌਤ ਲੈ ਕੇ ਹੀ ਹਟੇ।

ਡਾਕਟਰ : ਪਰ ਬਹੁ ਤਾਂ ਆਪਣੀ ਮੌਤੇ ਮਰੀ ਏ।

ਸੁੱਚਾ ਸਿੰਘ : ਬੱਚਾ ਹੋਣ ਵਾਲਾ ਸੀ, ਖ਼ੌਰੇ ਤੂੰ ਕੀ ਗਲਤ ਦਵਾ ਦਿੱਤੀ ਸੀ।

ਜੈਲਦਾਰ : ਇਹ ਦਸ, ਤੂੰ ਆਪਣਾ ਨਾਂ ਰਜਿਸਟਰ ਕਰਵਾਇਆ ਹੋਇਐ?

ਡਾਕਟਰ : (ਡਰ ਕੇ) ਜੀ ਨਹੀਂ, ਪਰ ਮੈਂ ਪਿਛਲੇ ਦਸ ਸਾਲਾਂ ਤੋਂ ਇਹ ਕੰਮ ਕਰ ਰਿਹਾਂ।

ਭਲਵਾਨ : (ਹੱਸਦਾ ਹੋਇਆ) ਯਾਨੀ, ਦਸ ਸਾਲਾਂ ਤੋਂ ਲੋਕਾਂ ਨੂੰ ਮਾਰਨ ਦੀ ਤੈਨੂੰ ਖੁਲ੍ਹੀ ਛੁੱਟੀ ਮਿਲੀ ਹੋਈ ਏ।

ਜੈਲਦਾਰ : ਤੂੰ ਸਰਕਾਰੀ ਐਲਾਨ ਨਹੀਂ ਸੀ ਪੜ੍ਹਿਆ, ਕਾਫੀ ਵਕਤ ਦਿੱਤਾ ਗਿਆ ਸੀ।

ਸੁੱਚਾ ਸਿੰਘ : ਰੋਜ਼ੀ ਦਾ ਮਾਮਲਾ ਸੀ ਤੂੰ ਕਿੰਨੀ ਗਲਤ ਕੀਤੀ।

ਭਲਵਾਨ : ਮਹੀਨੇ ਦਾ ਹਜ਼ਾਰ ਖੰਡ ਤਾਂ ਕਮਾਉਂਦਾ ਈ ਸੈਂ।

ਡਾਕਟਰ : (ਡਰਦਾ ਹੋਇਆ) ਹੁਣ ਕੀ ਬਣੇਗਾ? ਕਿਥੇ ਪੇਸ਼ੀ ਹੋਵੇਗੀ?

ਭਲਵਾਨ : ਆਉਂਦੇ ਐਤਵਾਰ ਨੂੰ ਰਾਜ ਮੰਤਰੀ ਜੀ ਪਿੰਡ ਵਿਚ ਆ ਰਹੇ ਨੇ। ਨਾਲ ਜ਼ਿਲੇ ਦਾ ਜੱਜ ਤੇ ਮਹਿਕਮਾ ਸਿਹਤ ਦੇ ਅਫਸਰ ਹੋਣਗੇ। ਮੌਕੇ ਤੇ ਤੁਰਤ ਫੈਸਲਾ ਹੋ ਜਾਣਾ ਏਂ।

ਡਾਕਟਰ : (ਹੋਰ ਡਰ ਕੇ) ਫੇਰ ਚੌਧਰੀ ਜੀ, ਮੇਰੀ ਮਦਦ ਕਰੋ। ਮੇਰੇ ਬਾਲ ਬੱਚਿਆਂ ਦਾ ਕੀ ਬਣੇਗਾ? ਜੇ ਕੁਝ ਦੇ ਲੈ ਕੇ ਖ਼ਲਾਸੀ ਹੁੰਦੀ ਏ ਤਾਂ ਮੈਂ ਤਿਆਰ ਆਂ।

ਜ਼ੈਲਦਾਰ : ਸਰਕਾਰੀ ਬੰਦਿਆਂ ਨਾਲ ਰਿਸ਼ਵਤ ਦੀਆਂ ਗੱਲਾਂ ਕਰ ਰਿਹਾਂ। ਤੇਰੀ ਸੁਰਤ ਟਿਕਾਣੇ ਤਾਂ ਹੈ।

ਸੁੱਚਾ ਸਿੰਘ : ਦੋਹਰੀ ਹੱਥ ਕੜੀ ਠੁਕ ਜਾਵੇਗੀ।

ਭਲਵਾਨ : ਸੁਣ, ਰਾਜ ਮੰਤਰੀ ਨੂੰ ਥੈਲੀ ਭੇਟ ਕਰਨ ਲਈ ਅਸੀਂ ਫੰਡ 'ਕੱਠਾ ਕਰ ਰਹੇ ਆਂ। ਉਸ ਵਿਚ ਤੂੰ ਵਧ ਤੋਂ ਵੱਧ ਹਿੱਸਾ ਪਾ ਸਕਦਾ ਹੈਂ। ਨਾਲੇ ਅਸੀਂ ਇਕ ਆਲੀਸ਼ਾਨ ਜਲਸਾ ਕਰ ਰਹੇ ਆਂ। ਐਸਾ ਰੰਗ ਬੰਨ੍ਹਣਾ ਰਾਜ ਮੰਤਰੀ ਦਾ ਸ਼ਿਕਾਇਤਾਂ ਵਲ ਧਿਆਨ ਹੀ ਨਹੀਂ ਜਾਣ ਦੇਣਾ। ਪਰ ਪੈਸੇ ਤੋਂ ਬਿਨਾਂ ਕੋਈ ਸਕੀਮ ਸਿਰੇ ਨਹੀਂ ਚੜ੍ਹਦੀ।

ਡਾਕਟਰ : ਮੈਨੂੰ ਜੋ ਹੁਕਮ ਕਰੋ, ਦੇਣ ਲਈ ਤਿਆਰ ਹਾਂ।

ਜ਼ੈਲਦਾਰ : ਤੂੰ ਤਾਂ ਜਿੰਨੇ ਦੇ ਦੇਵੇਂ ਉਨੇ ਹੀ ਥੋੜੇ ਨੇ। ਹਜ਼ਾਰਾਂ ਲਾ ਕੇ ਵੀ ਤੇਰਾ ਛੁਟਕਾਰਾ ਨਹੀਂ ਹੋਣਾ। ਕੰਮ ਕਾਰ ਤੇਰਾ ਉਂਜ ਠੱਪ ਹੋ ਜਾਣਾ ਏਂ।

ਡਾਕਟਰ : ਸਰਕਾਰੀ ਡਾਕਟਰ ਨੂੰ ਨਾ ਕੋਈ ਪੁੱਛੇਗਾ, ਜਿਹੜਾ ਹਰ ਵਕਤ ਗ਼ੈਰ-ਹਾਜ਼ਰ ਰਹਿੰਦਾ ਏ? ਜਿਹੜਾ ਅਸਲ ਦਵਾਈਆਂ ਵੇਚ ਦਿੰਦਾ ਏ ਤੇ ਲੋਕਾਂ ਨੂੰ ....

ਭਲਵਾਨ : ਉਸ ਦੀ ਤਾਂ ਸਖ਼ਤ ਪੇਸ਼ੀ ਹੋ ਰਹੀ ਏ।

ਸੁੱਚਾ ਸਿੰਘ : ਉਸ ਦੇ ਬਚਾਅ ਦੀ ਤਾਂ ਕੋਈ ਸੂਰਤ ਈ ਨਹੀਂ।

ਜ਼ੈਲਦਾਰ : ਉਮਰ ਭਰ ਲਈ ਬੰਨ੍ਹਿਆ ਜਾਵੇਗਾ।

ਡਾਕਟਰ : ਚੰਗਾ ਫੇਰ ਮੇਰਾ ਪੰਜ ਸੌ ਲਿਖ ਲਵੋ।

ਭਲਵਾਨ : ਬੱਲੇ ਓਇ। ਬੜਾ ਸਿਆਣਾ ਏਂ ਘਰ ਨੂੰ। ਪੰਜ ਸੌ ਤਾਂ ਤੇਰਾ ਪਹਿਲੀ ਪੇਸ਼ੀ ਤੇ ਲਗ ਜਾਣਾ ਏਂ।

ਸੁੱਚਾ ਸਿੰਘ : ਤੂੰ ਇਹ ਪੰਜ ਸੌ ਵੀ ਸੰਭਾਲ ਕੇ ਰੱਖ, ਵਕੀਲ ਦੀ ਫੀਸ ਲਈ।

ਡਾਕਟਰ : ਚੌਧਰੀ ਜੀ, ਗੱਲ ਤਾਂ ਸੁਣੋ।

ਭਲਵਾਨ : ਦੋ ਹਜ਼ਾਰ ਤੋਂ ਘੱਟ ਗੱਲ ਨਹੀਂ ਬਣਨੀ। ਜੇ ਨਹੀਂ ਸਲਾਹ ਤਾਂ ਨਾ ਸਹੀ।

ਡਾਕਟਰ : ਗੁੱਸੇ ਨਾ ਹੋਵੋ, ਘੱਟੇ ਅੰਦਰ ਰਕਮ ਲੈ ਕੇ ਹਜ਼ਾਰ ਹੁੰਦਾ ਹਾਂ।

ਜ਼ੈਲਦਾਰ : ਕਿਉਂ ਕਿਸੇ ਗੱਠੇ ਦੱਬੇ ਹੋਏ ਨੇ?

ਭਲਵਾਨ : ਛੇਤੀ ਪੁਚਾ ਦੇਵੀਂ। ਤਿਆਰੀ ਕਮੇਟੀ ਵਿਚ ਤੇਰਾ ਨਾਂ ਵੀ ਦਰਜ ਕਰ ਦਿਆਂਗੇ।

ਡਾਕਟਰ : ਜ਼ਰੂਰ ਕਰ ਛੱਡਣਾ, ਮੇਰੀ ਡਿਊਟੀ ਵੀ ਲਾ ਦੇਣੀ।

ਜ਼ੈਲਦਾਰ : (ਉਸ ਦੇ ਅੰਦਰ ਜਾਣ ਪਿੱਛੋਂ) ਹੁਣ ਕਿਹਨੂੰ ਪੁੱਛੀਏ?

ਸੁੱਚਾ ਸਿੰਘ : ਲਗਦੇ ਹੱਥ ਸਰਕਾਰੀ ਡਾਕਟਰ ਨੂੰ ਵੀ ਟੱਕਰੋ।

ਭਲਵਾਨ : ਸਾਮੀ ਤਾਂ ਭਾਰੀ ਏ, ਪਰ ਨਗਰ ਦਾ ਪੂਰਾ ਚੱਕਰ ਕੱਟਣਾ ਪਵੇਗਾ।

ਜ਼ੈਲਦਾਰ : ਨਾਲੇ ਉਹ ਕਿਹੜਾ ਹਸਪਤਾਲ ਵਿਚ ਬੈਠ ਹੋਣਾ ਏਂ।

ਸੁੱਚਾ ਸਿੰਘ : ਫੇਰ ਮਾਸਟਰ ਮੇਲਾ ਰਾਮ ਨੂੰ ਨਾਲ ਲਏ ਚਲੋ, ਵਾਹ ਵਾਹ ਦਿਲ ਲਾਈ ਰਖੇਗਾ।

ਭਲਵਾਨ : ਭਈ ਖ਼ੂਬ ਯਾਦ ਕਰਵਾਇਆ। ਅਜੇ ਪਰਸੋਂ ਈ ਮੈਨੂੰ ਕਹਿੰਦਾ ਸੀ ਪਈ "ਮੇਰੀ ਲੜਕੀ ਲਈ ਯੋਗ ਵਰ ਦੀ ਦਸ ਪਾ।"

ਜ਼ੈਲਦਾਰ : ਲੜਕੀ ਕੈਸੀ ਹੈ?

ਸੁੱਚਾ ਸਿੰਘ : ਪਿੰਡ ਦੀ ਧੀ ਧਿਆਣੀ ਏਂ, ਉਂਜ ਵਾਹ ਵਾਹ ਮੂੰਹ ਤੂੰਹ ਲਗਦੀ ਏ।
ਨਾਲੇ ਬੀ. ਐਡ. ਪਾਸ ਏ।

ਜੈਲਦਾਰ : ਕਿਥੇ ਲੱਗੀ ਹੋਈ ਹੈ?

ਭਲਵਾਨ : ਆਪਣੇ ਮਿਡਲ ਸਕੂਲ ਦੀ ਹੈੱਡ ਮਿਸਟ੍ਰੈਸ ਏ। ਨਾਲੇ ਸਿਲਾਈ ਕੇਂਦਰ ਦੀ ਇਨਚਾਰਜ ਏ। (ਚੁਟਕੀ ਵਜਾਉਂਦਾ ਹੋਇਆ) ਬਸ ਬਸ, ਬਣ ਗਿਆ ਕੰਮ।

ਸੁੱਚਾ ਸਿੰਘ : ਕੀ ਸੁਝ ਗਿਆ ਤੈਨੂੰ?

ਭਲਵਾਨ : ਉਸ ਦਾ ਰਿਸ਼ਤਾ ਰਾਜ ਮੰਤਰੀ ਨਾਲ ਗੰਢ ਦਿੰਦੇ ਆਂ।

ਸੁੱਚਾ ਸਿੰਘ : ਰਾਜ ਮੰਤਰੀ ਤੇਰੇ ਭਾਣੇ ਦੁਆਰਾ ਬੈਠਾ ਏ।

ਭਲਵਾਨ : ਲੋਕਾਂ ਭਾਣੇ ਬਾਲ ਬ੍ਰਹਮਚਾਰੀ ਏ।

ਜ਼ੈਲਦਾਰ : ਐਡੀ ਭਾਰੀ ਮਸਖ਼ਰੀ? ਮਾਸਟਰ ਬੜਾ ਘੁਨਤਰੀ ਏ, ਝਟ ਪਟ ਤਾੜ ਜਾਵੇਗਾ।

ਭਲਵਾਨ : ਫੇਰ ਤੂੰ ਨਹੀਂ ਉਹਨੂੰ ਜਾਣਦਾ। ਮਤਲਬ ਲਈ ਤਾਂ ਉਹ ਗਧੇ ਨੂੰ ਵੀ ਪਿਉ ਬਣਾਣ ਵਾਲਾ ਏ।

ਸੁੱਚਾ ਸਿੰਘ : ਉਂਜ ਰਿਸ਼ਤਾ ਜਚਦਾ ਮਿਚਦਾ ਏ।

ਭਲਵਾਨ : ਮੈਂ ਕਹਿਨਾਂ ਦੋਹਾਂ ਧਿਰਾਂ ਦੇ ਭਾਗ ਜਾਗ ਪੈਣਗੇ। ਨਾ ਮਾਸਟਰ ਨੂੰ ਏਹੋ ਜਿਹਾ ਜੁਆਈ ਜੁੜੇ, ਨਾ ਰਾਜ ਮੰਤਰੀ ਨੂੰ ਏਹੋ ਜਿਹੀ ਕੂੰਜ ਵਰਗੀ ਵਹੁਟੀ ਹੱਥ ਲੱਗੇ

ਸੁੱਚਾ ਸਿੰਘ : ਤੈਨੂੰ ਕਿਵੇਂ ਪਤੈ ਕਿ ਉਹ ਮੰਨ ਜਾਵੇਗਾ?

ਜ਼ੈਲਦਾਰ : ਵਾਹ, ਰਾਜ ਮੰਤਰੀ ਤਾਂ ਭਲਵਾਨ ਦਾ ਲੰਗੋਟੀਆ ਯਾਰ ਏ।

ਭਲਵਾਨ : ਭਾਵੇਂ ਉਹ ਆਪਣੇ ਆਪ ਨੂੰ ਵੈਰਾਗੀ ਤਿਆਗੀ ਸੁਦਾਉਂਦਾ ਪਰ ਤੀਵੀਂ ਉਸ ਦੀ ਕਮਜ਼ੋਰੀ ਏ। ਉਹਦੇ ਪੀ. ਏ. ਨੇ ਮੈਨੂੰ ਦਸਿਆ ਕਿ ਵਜ਼ੀਰ ਬਣਨ ਤੋਂ ਬਾਅਦ ਸ਼ਾਦੀ ਕਰਵਾਣ ਲਈ ਬੇਹੱਦ ਕਾਹਲਾ ਏ।

ਜ਼ੈਲਦਾਰ : ਇਹ ਮੰਤਰ ਤਾਂ ਥੈਲੀ ਭੇਂਟ ਕਰਨ ਨਾਲੋਂ ਵੀ ਵਧ ਕਾਟ ਕਰੇਗਾ।

ਸੁੱਚਾ ਸਿੰਘ : ਫੇਰ ਤਾਂ ਥੈਲੀ ਉਸ ਪਾਸੋਂ ਲੈਣੀ ਚਾਹੀਦੀ ਏ।

ਭਲਵਾਨ : ਇਧਰ ਕੁੜੀ ਦੇ ਕੰਨ ਵਲੇਲ ਪਾ ਦੇਈਏ ਕਿ ਕੁਆਰਾ ਰਾਜ ਮੰਤਰੀ ਉਸ ਨਾਲ ਸ਼ਾਦੀ ਕਰਨ ਲਈ ਖ਼ਾਹਸ਼ਮੰਦ ਏ।

ਜ਼ੈਲਦਾਰ : ਮਾਸਟਰ ਨਾਲ ਵੀ ਗੱਲ ਤੋਰਨੀ ਚਾਹੀਦੀ ਏ।

ਭਲਵਾਨ : ਤੋਰੀ ਹੋਈ ਏ। ਰਾਜ ਮੰਤਰੀ ਦੇ ਕੰਨ ਵਿਚ ਮੈਂ ਆਉਂਦੇ ਸਾਰ ਫੂਕ ਮਾਰ ਦੇਣੀ ਏਂ। ਤੁਸੀਂ ਲਾਂਭੇ ਹੋ ਜਾਇਓ।

ਜ਼ੈਲਦਾਰ : ਜਲਸੇ ਵਿਚ ਦੋਹਾਂ ਨੂੰ ਨਾਲੋ ਨਾਲ ਬਿਠਾ ਦਿਓ, ਦੇਖੋ ਫੇਰ ਕਿੱਦਾਂ ਟੇਢੀਆਂ ਨਜ਼ਰਾਂ ਨਾਲ ਇਕ ਦੂਜੇ ਨੂੰ ਝਾਕਦੇ ਨੇ।

ਸੁੱਚਾ ਸਿੰਘ : ਭਈ ਮੰਨ ਗਏ ਭਲਵਾਨ ਦੀ ਅਕਲ ਨੂੰ। ਇਹ ਤਾਂ ਸੱਪ ਨੂੰ ਕੀਲਣ ਵਾਲੀ ਵਿਉਂਤ ਸੋਚੀ ਏ।

ਭਲਵਾਨ : ਤੁਸੀਂ ਮੇਰੀ ਹਾਂ ਵਿਚ ਹਾਂ ਮਲਾਈ ਚਲਿਓ ਦੇਖਿਓ ਫੇਰ ਕਿੱਦਾਂ ਉਨ੍ਹਾਂ ਦੇ ਦਿਮਾਗ ਦੀਆਂ ਚਕਰੀਆਂ ਘੁਮਾਉਂਦਾਂ।

ਸੁੱਚਾ ਸਿੰਘ : ਚਲੋ ਫੇਰ ਪਹਿਲਾਂ ਸਕੂਲੇ ਚਲੀਏ।

ਭਲਵਾਨ : ਨਹੀਂ, ਪਹਿਲਾਂ ਥੋੜਾ ਜਿਹਾ ਹੋਰ ਫ਼ੰਡ ‘ਕੱਠਾ ਕਰ ਲਈਏ। ਪਹਿਲਾਂ ਮਾਇਆ, ਫੇਰ ਮੌਜ ਮੇਲਾ।

ਜ਼ੈਲਦਾਰ : ਪੈਸੇ ਬਿਨਾਂ ਮੇਲਾ ਗੇਲਾ ਕੋਈ ਮਹੀਨੇ ਨਹੀਂ ਰਖਦਾ।

ਸੁੱਚਾ ਸਿੰਘ : ਫੇਰ ਹੁਣ ਕਿਧਰ ਚਲੀਏ?

ਜ਼ੈਲਦਾਰ : ਟਰੱਕਾਂ ਵਾਲੇ ਚੰਨਨ ਦੇ ਚਲੋ ਜੇ ਗਹਿਰਾ ਗੱਠਾ ਲੈਣਾ ਏ ਤਾਂ।

ਸੁੱਚਾ ਸਿੰਘ : ਸਾਮੀ ਤਾਂ ਤਕੜੀ ਸੁਣੀਂਦੀ ਏ।

ਭਲਵਾਨ : ਤਕੜੀ ਜੇਹੀ ਤਕੜੀ ਪਿੰਡ ਵਿਚ ਸਭ ਤੋਂ ਮੋਟੀ ਸਾਮੀ ਏ। ਉਹ ਤਾਂ ਸਮੱਗਲਰਾਂ ਦਾ ਗੁਰੂ ਘੰਟਾਲ ਏ। ਬੌਰਡਰ ਤੇ ਉਹਦੀ ਪਾਤਸ਼ਾਹੀ ਏ।

ਸੁੱਚਾ ਸਿੰਘ : ਅੱਛਾ! ਜੇ ਐਡੀ ਤਕੜੀ ਸਾਮੀ ਏ ਫੇਰ ਪਾਂਧਾ ਕੀ ਪੁੱਛਦੇ ਓ।

ਭਲਵਾਨ : ਮੈਂ ਕਿਹਾ, ਆਹ ਰੁਲੀਏ ਮਰਾਸੀ ਦਾ ਘਰ ਤਾਂ ਨਹੀਂ ?

ਜ਼ੈਲਦਾਰ : ਮਰਾਸੀਆਂ ਤੋਂ ਕੀ ਲੈਣਾ ਏਂ ਅਸਾਂ।

ਭਲਵਾਨ : ਕਿਉਂ ਨਹੀਂ, ਕਿਉਂ ਨਹੀਂ। ਜਲਸੇ ਦੀ ਰੌਣਕ ਵਧਾ ਸਕਦੇ ਨੇ।

ਜ਼ੈਲਦਾਰ : ਫੇਰ ਉਸ ਨਾਲ ਵੀ ਗੱਲ ਕਰਦੇ ਚਲੋ।

ਭਲਵਾਨ : ਓਇ ਮਰਾਸੀਆ, ਬਾਹਰ ਆ ਤੇਰੇ ਵਰੰਟ ਨਿਕਲੇ ਹੋਏ ਨੇ।

ਰੁਲੀਆ : (ਅੰਦਰੋਂ ਹੀ) ਜਜਮਾਨੋ, ਆਪੇ ਤਰੀਕ ਭੁਗਤ ਲਓ, ਮੈ ਤਾਂ ਜਨਾਨੀ ਦੇ ਗੋਡੇ ਨਾਲ ਬੰਨ੍ਹਿਆ ਹੋਇਆ ਹਾਂ।

ਭਲਵਾਨ : ਨਿਕਲਦਾ ਈਂ ਕਿ ਨਹੀਂ ਬਾਹਰ?

ਰੁਲੀਆ : (ਝੁਕ ਕੇ ਸਲਾਮ ਕਰਦਾ ਹੋਇਆ) ਹੱਈ ਸ਼ਾਬਾਸ਼ੇ! ਐਡੇ ਵੱਡੇ ਵੱਡੇ ਪਹਿਲਵਾਨ, ਕਿਤੇ ਛਿੰਜ ਪੈ ਰਹੀ ਏ।

ਭਲਵਾਨ : ਆਹੋ, ਪਹਿਲਾ ਘੋਲ ਤੇਰਾ ਈ ਹੋਣਾ ਏਂ।

ਰੁਲੀਆ : ਚੌਧਰੀਓ, ਜਦੋਂ ਸਾਡੀ ਅਕਲ ਦੇ ਦਾਅ ਪੇਚ ਲੱਗੇ, ਤੁਸੀਂ ਪਿੜ ਛੱਡ ਕੇ ਨੱਸ ਜਾਣਾ ਏਂ।

ਸੁੱਚਾ ਸਿੰਘ : ਐਨਾਂ ਮਾਣ ਏ ਤੈਨੂੰ ਆਪਣੀ ਚਤਰਾਈ ਤੇ।

ਰੁਲੀਆ : ਜਜਮਾਨਾਂ ਨੂੰ ਖ਼ੁਸ਼ ਕਰਨ ਵਾਲੀ ਕਲਾ ਤੇ ਫ਼ਖ਼ਰ ਕਿਉਂ ਨਾ ਹੋਵੇ।

ਜ਼ੈਲਦਾਰ : ਸਚ ਮੁੱਚ ਇਹ ਲੋਕ ਸਦੀਆਂ ਤੋਂ ਸਮਾਜ ਨੂੰ ਜਿੰਦਾ ਰਖਦੇ ਆਏ ਨੇ। ਇਹ ਵੀ ਜਨਤਾ ਦੀ ਭਾਰੀ ਸੇਵਾ ਹੈ।

ਰੁਲੀਆ : ਜੜ੍ਹਾਂ ਹਰੀਆਂ, ਭਾਗ ਲੱਗੇ ਰਹਿਣ। ਇਹ ਦੱਸੋ ਕੀੜੀ ਦੇ ਘਰ 'ਕੱਠੇ ਤਿੰਨ ਨਰੈਣ ਕਿੱਦਾਂ ਆ ਵੜੇ।

ਭਲਵਾਨ : ਰੁਲੀਆ ਯਾਦ ਰਖ ਤੇਰੇ ਟੱਬਰ ਨੂੰ ਅਸੀਂ 1947 ਦੇ ਘਲੂਘਾਰੇ ਤੋਂ ਬਚਾਇਆ ਸੀ।

ਰੁਲੀਆ : ਚੌਧਰੀ, ਤੇਰੇ ਉਪਕਾਰ ਨੂੰ ਅਸੀਂ ਮੰਨਦੇ ਆਂ। ਪਰ ਅਹਿਸਾਨ ਜਿਤਾਉਣ ਨਾਲ ਉਸ ਦਾ ਮੁੱਲ ਘਟ ਜਾਂਦਾ ਏ।

ਭਲਵਾਨ : ਓਇ ਮੈਂ ਤਾਂ ਹਸਦਾਂ, ਕੋਈ ਅਹਿਸਾਨ ਨਹੀਂ ਕੀਤਾ, ਉਹ ਤੇ ਇਨਸਾਨੀਅਤ ਦੇ ਨਾਤੇ ਸੀ।

ਰੁਲੀਆ : ਫੇਰ ਨਾਚੀਜ਼ ਨੂੰ ਕਿੱਦਾਂ ਨਿਵਾਜਿਆ ਏ?

ਭਲਵਾਨ : ਤੇਰੇ ਗੋਚਰੇ ਇਕ ਭਾਰੀ ਕੰਮ ਐ।

ਰੁਲੀਆ : (ਸਿਰ ਨੀਵਾਂ ਕਰਕੇ) ਮੇਰਾ ਸਿਰ ਤੇ ਤੁਹਾਡੇ ਛਿੱਤਰ, ਝਾੜੋ।

ਭਲਵਾਨ : ਐਤਵਾਰ ਨੂੰ ਪਿੰਡ ਵਿਚ ਬਹੁਤ ਭਾਰੀ ਜਲਸਾ ਹੋ ਰਿਹਾ ਹੈ। ਚੰਡੀਗੜ੍ਹ ਤੋਂ ਖ਼ਾਸ ਤੌਰ ਤੇ ਰਾਜ ਮੰਤਰੀ ਆ ਰਿਹਾ ਏ।

ਰੁਲੀਆ : ਫੇਰ ਮੇਰੀ ਡਿਊਟੀ ਮੰਤਰੀ ਸਿਰ ਚੌਰ ਕਰਨ ਤੇ ਲਾ ਦਿਓ।

ਭਲਵਾਨ : ਤੂੰ ਉਹਦਾ ਰੂਹ ਖ਼ੁਸ਼ ਕਰਨਾ ਏਂ। ਐਸੀਆਂ ਚੋਂਦੀਆਂ ਚੋਂਦੀਆਂ ਨਕਲਾਂ ਲਾਉਂਣਾ, ਮੰਤਰੀ ਵਾਹ ਵਾਹ ਕਰ ਉਠੇ।

ਰੁਲੀਆ : ਚੌਧਰੀਓ, ਗਮ ਨਾ ਕਰੋ, ਗੱਲਾਂ ਗੱਲਾਂ ਵਿਚ ਐਸੀਆਂ ਚੋਟਾਂ ਲਾਵਾਂਗਾ ਉਮਰ ਪਰ ਪਿੰਡੇ ਨੂੰ ਹੱਥ ਲਾ ਲਾ ਕੇ ਦੇਖੇਗਾ।

ਭਲਵਾਨ : ਓਇ ਸਹੁਰਿਆ, ਤੂੰ ਗਧਾ ਏਂ ਦੁਲੱਤੀਆਂ ਮਾਰੇਂਗਾ।

ਰੁਲੀਆ : ਜਜਮਾਨੋ, ਸਰੀਰ ਦੀ ਸੱਟ ਤਾਂ ਸੇਕ ਦਿੱਤਿਆਂ ਰਾਜੀ ਹੋ ਜਾਂਦੀ ਏ, ਪਰ ਜ਼ਬਾਨ ਦਾ ਫਟ ਝਟ ਪਟ ਨਹੀਂ ਮਿਲਦਾ।

ਜ਼ੈਲਦਾਰ : ਰੁਲੀਆ, ਅੱਜ ਕਲ੍ਹ ਦੇ ਅਫ਼ਸਰਾਂ ਵਿਚ ਪੁਰਾਣੇ ਜਿਗਰੇ ਕਿੱਥੇ। ਇਹ ਤਾਂ ਖ਼ੁਸ਼ਾਮਦਾਂ ਕਰਵਾ ਕੇ ਖ਼ੁਸ਼ ਹੁੰਦੇ ਨੇ।

ਸੁੱਚਾ ਸਿੰਘ : ਮਾਮੂਲੀ ਨੁਕਤਾਚੀਨੀ ਵੀ ਬਰਦਾਸ਼ਤ ਨਹੀਂ ਕਰਦੇ।

ਭਲਵਾਨ : ਹਾਂ, ਤਾਰੀਫ਼ ਦੇ ਪੁਲ ਬੰਨ੍ਹਣ ਦੀ ਤੈਨੂੰ ਖੁਲ੍ਹੀ ਛੁੱਟੀ ਹੋਵੇਗੀ।

ਰੁਲੀਆ : ਸਾਡੇ ਬਜ਼ੁਰਗਾਂ ਨੇ ਗੁਰੂ ਗੋਬਿੰਦ ਸਿੰਘ ਦੇ ਦੀਵਾਨਾਂ ਵਿਚ ਨਕਲਾਂ ਲਾਈਆਂ। ਉਸ ਪਿੱਛੋਂ ਗੁਰੂ ਨੇ ਮਸੰਦਾਂ ਨੂੰ ਸੋਧਿਆ। ਇਸੇ ਤਰ੍ਹਾਂ ਉਨ੍ਹਾਂ ਫ਼ਰੱਖ਼ਸੀਅਰ ਦੇ ਭਰੇ ਦਰਬਾਰ ਵਿਚ ਸ਼ਹਿਨਸ਼ਾਹ ਨੂੰ ਬੱਰਰਾ ਦਿੱਤਾ ਸੀ।

ਭਲਵਾਨ : ਰੁਲੀਆ, ਅਸੀਂ ਮੰਨਦੇ ਆਂ, ਪਰ ਤੇਰੀ ਗੁੱਝੀ ਮਸਖ਼ਰੀ ਦੀ ਕਦਰ ਪੁਰਾਣੇ ਬਜ਼ੁਰਗਾਂ ਨੂੰ ਹੁੰਦੀ ਸੀ।

ਰੁਲੀਆ : ਚੌਧਰੀਓ, ਚਿੰਤਾ ਨਾ ਕਰੋ, ਮੇਰੀ ਗੱਲ ਵਿਚ ਜ਼ਰਾ ਮਾਸਾ ਡੰਗ ਤਾਂ ਹੋਊ, ਪਰ ਜ਼ਹਿਰ ਹਰਗਿਜ਼ ਨਹੀਂ ਹੋਵੇਗਾ। ਐਸੀਆਂ ਨਕਲਾਂ ਲਾਵਾਂਗਾ, ਐਸੀਆਂ ਟਿਚਕਰਾਂ ਕਰਾਂਗਾ ਕਿ ਮੰਤਰੀ ਜੀ ਖ਼ੁਸ਼ ਹੋ ਕੇ ਕਹਿਣਗੇ, ਰੁਲੀਆ ਖਾਨ, ਤੈਨੂੰ ਮਾਂ ਨੇ ਨਹੀਂ ਜਣਿਆ, ਸਗੋਂ ਸਰਸਵਤੀ ਦੇਵੀ ਨੇ ਜਨਮ ਦਿੱਤਾ ਏ।

ਭਲਵਾਨ : (ਹੱਸਦਾ ਹੋਇਆ) ਆਹ ਲੈ ਫੜ ਤੀਹ ਰੁਪਏ ਸਾਈ ਦੇ। ਖ਼ੂਬ ਤਿਆਰੀ ਕਰੀਂ।

ਰੁਲੀਆ: ਅੱਜ ਤੋਂ ਹੀ ਹਾਂਡੀ ਤਰ ਕਰਦੇ ਆਂ। ਜਜਮਾਨੋ, ਇਹ ਕਸਬ ਪੈਦਾ ਕਰਨ ਲਈ ਬੜਾ ਜ਼ੋਰ ਲਾਉਣਾ ਪੈਂਦਾ। ਅੱਖ ਮਟਕਾਉਣਾ ਵੀ ਇਕ ਹੁਨਰ ਏ। ਓਇ ਜਮਾਲਿਆ।

ਜਮਾਲਾ : (ਅੰਦਰੋਂ) ਹਾਂ, ਚਾਚਾ।

ਰੁਲੀਆ : ਜ਼ਰਾ ਬਾਹਰ ਨਿਕਲ, ਭਲਵਾਨ ਨੂੰ ਦੋ ਹੱਥ ਦਿਖਾਈਏ।

ਜਮਾਲਾ : ਆਇਆ, ਮੈਂ ਲੰਗੋਟ ਕਸ ਲਵਾਂ।

ਮਰਾਸਣ : (ਸਲਾਮ ਕਰਕੇ) ਵੇ ਦੇਖਿਓ ਕਿਤੇ ਭਲਵਾਨ ਹੇਠ ਆ ਕੇ ਦਮ ਨਾ ਹੂਟ ਜਾਵੇ।

ਭਲਵਾਨ : ਫੱਜਾਂ ਤਕੜੀ ਤਾਂ ਹੈਂ।

ਫੱਜਾਂ : ਅੱਲਾ ਦਾ ਫ਼ਜ਼ਲ ਹੈ। ਤੁਹਾਡੇ ਆਸਰੇ ਦਿਨ ਕੱਟੀ ਕਰ ਰਹੇ ਆਂ।

ਜਮਾਲਾ : ਮਾਂ, ਤੂੰ ਭੋਰਾ ਫ਼ਿਕਰ ਨਾ ਕਰ, ਅਸੀਂ ਜ਼ਬਾਨ ਦੀ ਐਸੀ ਕੈਂਚੀ ਲਾਵਾਂਗੇ, ਭਲਵਾਨ ਹੋਰੀਂ ਪਹਿਲੀ ਸੱਟ ਚਿੱਤ ਪਏ ਹੋਣਗੇ।

ਰੁਲੀਆ : ਲਓ ਚੌਧਰੀਓ, ਤਕੜੇ ਹੋ ਜਾਓ, ਲੱਗੇ ਆਂ ਛੱਡਣ।

ਭਲਵਾਨ : ਬਸ ਬਸ ਉਸ ਦਿਨ ਦੇਖਾਂਗੇ ਤੁਹਾਡੇ ਜੌਹਰ।

[ਰੁਲੀਆ ਜਮਾਲਾ ਤੇ ਫੱਜਾਂ ਦੁਆਵਾਂ ਦਿੰਦੇ ਅੰਦਰ ਚਲੇ ਜਾਂਦੇ ਹਨ]

ਸੁੱਚਾ ਸਿੰਘ : ਲਓ ਪਈ ਓਹ ਗਲੀ ਦੇ ਮੋੜ ਤੇ ਚੰਨਣ ਆ ਰਿਹਾ।

ਭਲਵਾਨ : ਰੱਬ ਜਦ ਦਿੰਦਾ, ਛਤ ਪਾੜ ਕੇ ਦਿੰਦਾ ਏ। ਆਵਾਜ਼ਲਮਾਰ, ਓਹ ਮੁੜ ਚਲਿਆ ਏ।

ਸੁੱਚਾ ਸਿੰਘ : ਚੰਨਣਾ, (ਇਸ਼ਾਰੇ ਨਾਲ) ਐਧਰ।

ਜ਼ੈਲਦਾਰ : ਕਿੱਦਾਂ ਲੜਖੜਾਂਦਾ ਆਉਂਦਾ ਏ।

ਸੁੱਚਾ ਸਿੰਘ : ਘੋੜ ਸਵਾਰ ਏ। ਕੰਮ ਬਣਿਆ ਸਮਝੋ।

ਭਲਵਾਨ : ਚੰਨਣਾ, ਅਸੀਂ ਤੇਰੇ ਵਲ ਹੀ ਜਾ ਰਹੇ ਸਾਂ। ਚੰਗਾ ਸਬੱਬ ਬਣਿਆ।

ਚੰਨਣ : ਚਾਚਾ, ਹੁਕਮ ਕਰੇ। ਜੇ ਮੂੰਹ ਕੌੜਾ ਕਰਨਾ ਤਾਂ ਘਰ ਮੁੜ ਚਲਦੇ ਆਂ।
ਜੂਠਾ ਤਾਂ ਇਥੇ ਵੀ ਕਰਵਾ ਸਕਦਾਂ।

[ਡੱਬ ਵਿਚ ਹੱਥ ਪਾ ਕੇ ਸ਼ਰਾਬ ਦੀ ਬੋਤਲ ਕੱਢਦਾ ਹੈ। ]

ਭਲਵਾਨ : ਮੂੰਹ ਕੌੜਾ ਫੇਰ ਕਰਾਂਗੇ। ਇਸ ਵੇਲੇ ਜੇਬ ਗਰਮ ਕਰਨ ਦੀ ਲੋੜ ਏ।

ਚੰਨਣ : ਤੂੰ ਸਿੱਧੀ ਤਰ੍ਹਾਂ ਗੱਲ ਕਰ, ਬੋਲ ਕੀ ਚਾਹੁੰਦਾਂ, ਜੱਟਾਂ ਦੇ ਪੁੱਤ ਬਹੁਤੀਆਂ ਘੁਣਤਰਾਂ ਨਹੀਂ ਜਾਣਦੇ।

ਭਲਵਾਨ : ਐਤਵਾਰ ਨੂੰ ਰਾਜ ਮੰਤਰੀ ਸਾਰੇ ਇਲਾਕੇ ਦੀ ਪੜਤਾਲ ਕਰਨ ਆ ਰਿਹਾ ਏ।

ਚੰਨਣ : ਮੰਤਰੀ ਤਾਂ ਅੱਲ ਕਲ੍ਹ ਪਾਂਧਿਆਂ ਵਾਂਗ ਫਿਰਦੇ ਨੇ।

ਭਲਵਾਨ : ਤੇਰੇ ਧੰਦੇ ਦਾ ਸਰਕਾਰ ਨੂੰ ਪਤਾ ਲਗ ਚੁੱਕਾ ਏ।

ਚੰਨਣ : (ਡਰ ਕੇ) ਚਾਚਾ, ਫੇਰ ਹੁਣ?

ਭਲਵਾਨ : ਭਰਾਵਾਂ ਦੀ ਬਿਹਤਰੀ ਲਈ ਅਸੀਂ ਥੈਲੀ ਭੇਟ ਕਰ ਰਹੇ ਆਂ ਉਸ ਨੂੰ।

ਜ਼ੈਲਦਾਰ : ਮੁਕਦੀ ਗੱਲ, ਤੂੰ ਵਧ ਤੋਂ ਵਧ ਹਿੱਸਾ ਪਾ।

ਸੁੱਚਾ ਸਿੰਘ : ਤੈਨੂੰ ਰੱਬ ਨੇ ਬਹੁਤ ਕੁਝ ਦਿੱਤਾ ਏ।

ਚੰਨਣ : ਜੋ ਮੂੰਹੋਂ ਮੰਗੋ।

ਭਲਵਾਨ : ਚਲ ਤੂੰ ਪੰਜ ਹਜ਼ਾਰ ਹੀ ਦੇ ਛਡ।

ਚੰਨਣ : ਬਸ? ਐਨੀ ਕੁ ਰਕਮ ਤਾਂ ਮੇਰੀ ਖੱਬੀ ਡਬ ਵਿਚ ਹੋਈ ਏ। ਕਿਸੇ ਨੂੰ ਡਾਲੀ ਦੇਣ ਜਾ ਰਿਹਾ ਸਾਂ। ਕੋਈ ਗ਼ਮ ਨਹੀਂ, ਪੈਸੇ ਤਾਂ ਹੱਥਾਂ ਦੀ ਮੈਲ ਨੇ। (ਨੋਟਾਂ ਦੀ ਥੱਬੀ ਫੜਾਉਂਦਾ ਹੋਇਆ) ਆਹ ਲਓ ਗਿਣੋ।

ਸੁੱਚਾ ਸਿੰਘ : ਜੇ ਵਧ ਹੋਏ ਤਾਂ?

ਚੰਨਣ : ਤਾਂ ਫੇਰ ਹਾਰ ਪਰੋ ਕੇ ਰਾਜ ਮੰਤਰੀ ਦੇ ਗਲ ’ਚ ਪਾ ਦੇਣਾ ਮੇਰੇ ਅਲੋਂ।

ਭਲਵਾਨ : ਚੰਨਣ ਵਾਕਿਆਈ ਰੂਹ ਵਾਲਾ ਬੰਦਾ ਏ।

ਚੰਨਣ : (ਤਿੜ ਕੇ) ਚਾਚਾ, ਜੇ ਹੋਰ ਲੋੜ ਪਈ ਤਾਂ ਕਾਂ ਹੱਥ ਸੁਨੇਹਾ ਭੇਜ ਦੇਣਾ। ਅਜਾਜ਼ਤ ਦਿਓ, ਮੈਂ ਛੇਤੀ ਜਾਣਾ ਏਂ, ਚੁੰਗੀ ਤੇ ਟਰੱਕ ਰੁਕਿਆ ਖੜਾ, (ਮੱਥੇ ਨੂੰ ਖੁਰਕਦਾ ਹੋਇਆ ਕੁਝ ਯਾਦ ਕਰਕੇ) ਚਾਚਾ, ਇਕ ਗੱਲ ਯਾਦ ਆ ਗਈ। ਜੇ ਰਾਜ ਮੰਤਰੀ ਬਰੋਬਰ ਮੇਰੀ ਕੁਰਸੀ ਡੁਹਾ ਦੇਵੇਂ ਤਾਂ ਪੰਜ ਹਜ਼ਾਰ ਹੋਰ ਦੇਊਂਗਾ।

ਭਲਵਾਨ : ਜ਼ਰੂਰ ਬਰ ਜ਼ਰੂਰ ਡਾਵ੍ਹਾਂਗੇ। ਨੋਟ ਤਿਆਰ ਰੱਖੀਂ।

ਚੰਨਣ : ਨੋਟ ਤਿਆਰ ਨੇ। ਰਾਜ ਮੰਤਰੀ ਨਾਲ ਮੇਰਾ ਹੱਥ ਵੀ ਮਿਲਾ ਦੇਵੀਂ।

[ਸਾਰੇ ਹੱਸਦੇ ਹਨ। ]

ਸੁੱਚਾ ਸਿੰਘ : (ਭਲਵਾ ਦਾ ਮੋਢਾ ਹਲੂਣ ਕੇ) ਓਹ ਆ ਰਹੀ ਏ ਮਾਸਟਰ ਦੀ ਲੜਕੀ।

ਭਲਵਾਨ : (ਮੁੜ ਕੇ ਦੇਖਦਾ ਹੋਇਆ) ਕਿਥੇ, ਕਿਥੇ?

ਜ਼ੈਲਦਾਰ : ਮੈਂ ਨਹੀਂ ਸੀ ਦੇਖੀ, ਇਹ ਤਾਂ ਐਨ ਰਾਜ ਮੰਤਰੀ ਏ ਫ਼ਿਟ ਹੈ।

ਭਲਵਾਨ : ਬੀਬੀ ਲਾਜਵੰਤੀ, ਐਤਵਾਰ ਨੂੰ ਸਲਾਈ ਕੇਂਦਰ ਦਾ ਉਦਘਾਟਨ ਹੋਣਾ ਏਂ। ਰਾਜ ਮੰਤਰੀ ਦੀ ਆਮਦ ਦਾ ਪਤਾ ਲਗ ਹੀ ਗਿਆ ਹੋਣਾ ਏਂ?

ਲਾਜੋ : ਜੀ ਹਾਂ, ਪਿਤਾ ਜੀ ਨੇ ਦੱਸੀ ਏ ਸਾਰੀ ਗੱਲ।

[ਬਾਕੀ ਦੋਵੇਂ ਪਾਤਰ ਜ਼ਰਾ ਫ਼ਾਸਲੇ ਤੇ ਖੜੋ ਕੇ ਆਪੋ ਵਿਚ ਗੱਲਾਂ ਕਰਨ ਗਲ ਜਾਂਦੇ ਹਨ। ]

ਭਲਵਾਨ : ਸਵਾਗਤ ਸਮੇਂ ਤੁਸੀਂ ਸਾਡੇ ਨਾਲ ਰਹਿਣਾ ਏਂ। ਮੰਚ ਉੱਤੇ ਵੀ ਤੁਸੀਂ ਮੰਤਰੀ ਜੀ ਦੇ ਲਾਗੇ ਬੈਠਣਾ ਏਂ।

ਲਾਜੋ : ਕੌਣ ਮੈਂ?

ਭਲਵਾਨ : ਮਾਸਟਰ ਜੀ ਨੂੰ ਮੈਂ ਭੇਦ ਭਰੀ ਗੱਲ ਸਮਝਾ ਦਿੱਤੀ ਸੀ।

ਲਾਜੋ : ਕਿਸ ਉਮਰ ਦੇ ਨੇ ਰਾਜ ਮੰਤਰੀ ਜੀ?

ਭਲਵਾਨ : ਅਜੇ ਤਾਂ ਸੁਖ ਨਾਲ ਕੁਆਰੇ ਈ ਨੇ।

ਲਾਜੋ : (ਸ਼ਰਮ ਮਹਿਸੂਸ ਕਰਦੀ ਹੋਈ) ਫੇਰ ਤਾਂ ਬਹੁਤ ਉਤਸ਼ਾਹੀ ਤੇ ਆਦਰਸ਼ਵਾਦੀ ਹੋਣਗੇ।

ਭਲਵਾਨ : ਦੇਖੋ ਸੰਜੋਗਾਂ ਦੀ ਗੱਲ ਹੈ।

[ਭਲਵਾਨ ਮੁਸਕ੍ਰਾਉਂਦਾ ਹੋਇਆ ਸਾਥੀਆਂ ਨਾਲ ਜਾ ਰਲਦਾ ਹੈ। ]

ਲਾਜੋ : (ਆਪਣੇ ਆਪ) ਕੀ ਕਹਿੰਦਾ ਸੀ। "ਅਜੇ ਕੁਆਰੇ ਈ ਨੇ।"

"ਸੰਜੋਗਾਂ ਦੀ ਗੱਲ ਹੈ" ਤੋਂ ਉਸ ਦਾ ਕੀ ਭਾਵ ਸੀ? ਮੇਰੇ ਐਨੇ ਭਾਗ ਕਿਕੇ! ਕਿਤੇਜੋਤਸ਼ੀ ਦਾ ਕਹਿਣਾ ਸੱਚ ਈ ਨਾਹੋ ਜਾਵੇ! ਕਹਿੰਦਾ ਸੀ, "ਰਾਜ ਭਾਗ ਮਾਣੇਂਗੀ।" (ਉੱਚੀ ਉੱਚੀ ਹੱਸਦੀ ਹੈ) ਮੈਂ ਪਾਗਲ ਤਾਂ ਨਹੀਂ ਹੋ ਗਈ! ਉਹ ਦੇਖਦੇ ਨੇ। ਕੀ ਕਹਿੰਦੇ ਹੋਣਗੇ ਪਿੰਡ ਦੇ ਬਜ਼ੁਰਗ। ਪਰ ਮੈਂ ਕੀ ਕਰਾਂ, ਮੇਰਾ ਹਾਸਾ ਕਾਬੂ ਤੋਂ ਬਾਹਰ ਹੋ ਰਿਹਾ। ਓਸ ਗਲੀ ਦੇ ਮੋੜ ਤੇ ਖਲੋ ਕੇ ਰੱਜ ਕੇ ਹੱਸ ਲਵਾਂ। ਘਰ ਜਾ ਕੇ ਤਾਂ ਕੁਸਕ ਨਹੀਂ ਸਕਦੀ। ਜੇ ਗੱਲ ਬਣ ਜਾਏ ਫੇਰ ... ਪਰਮਾਤਮਾ ਦੇ ਘਰ ਵਿਚ ਕਿਸ ਗੱਲ ਦੀ ਥੁੜ ਏ।

[ਉੱਚੀ ਉੱਚੀ ਹੱਸਦੀ ਦੇ ਅੱਖਾਂ ਵਿਚ ਪਾਣੀ ਆ ਜਾਂਦਾ ਹੈ। ਉਸ ਨੂੰ ਦੇਖ ਕੇ ਉਹ ਤਿੰਨੇ ਉੱਚੀ ਉੱਚੀ ਹੱਸਦੇ ਹਨ। ਉਹ ਘਬਰਾਈ ਹੋਈ ਨੱਸਦੀ ਹੈ। ]

ਭਲਵਾਨ : ਲਓ ਭਈ, ਇਸ਼ਕ ਦਾ ਕੀੜਾ ਲੜ ਗਿਆ ਏ ! ਹੁਣ ਜੋਗੀ ਭਾਲੋ।

[ਤਿੰਨੇ ਬਹੁਤ ਉੱਚੀ ਉੱਚੀ ਹੱਸਦੇ ਹਨ। ਉਨ੍ਹਾਂ ਦੇ ਹਾਸੇ ਨਾਲ ਮੰਚ ਉਤੇ ਪਏ ਬੰਦੇ ਦਾ ਹਾਸਾ ਵੀ ਨਾਲ ਰਲ ਜਾਂਦਾ ਹੈ। ]

ਹਨੇਰਾ

ਕੁਝ ਵਕਫ਼ੇ ਪਿਛੋਂ। ਟਿਕੀ ਰਾਤ ਦੀ ਸਾਂ ਸਾਂ, ਉੱਲੂਆਂ ਦਾ ਬੋਲਣਾ ਅਤੇ ਗਿੱਦੜਾਂ ਦੀ ਹਵਾਂਕ ਸੁਣਾਈ ਦਿੰਦੀ ਹੈ।

ਹੁਕਮਾ : (ਹੌਲੀ) ਜੈਮਲਾ, ਪੋਲੇ ਪਬ ਧਰ ਕੇ ਲੰਘੀਂ, ਕਿਤੇ ਜਾਗ ਨਾ ਪਏ।

ਜੈਮਲ : ਘੂਕ ਸੁੱਤਾ ਪਿਆ। ਖੌਰੇ ਕੀ ਸੁਫਨੇ ਲੈ ਰਿਹਾ, ਹੁਣੇ ਘੋੜੇ ਵਾਂਗ ਹਿਣਕਦਾ ਸੀ।

ਹੁਕਮਾ : ਓਇ ਹੌਲੀ ਕੰਜਰਾ।

ਜੈਮਲ : ਜਾਗ ਪਿਆ ਤਾਂ ਕੀ ਏ, ਉਹਦੇ ਭੇਜੇ ਈ ਗਏ ਸਾਂ।

ਹੁਕਮਾ : ਓਹ ਤਾਂ ਠੀਕ ਐ, ਐਵੇਂ ਪੁੱਛ ਗਿੱਛ ਕਰੂ ਤੇ ਮੁਫ਼ਤ ਦੀ ਨੀਂਦ ਹਰਾਮ ਕਰੂ।

ਜੈਮਲ : ਵਕਤ ਕੀ ਹੋਵੇਗਾ?

[ਵਕਤ ਹੌਲੀ ਹੌਲੀ ਮੰਚ ਤੇ ਦਿਨ ਦੀ ਰੋਸ਼ਨੀ ਪਸਰਦੀ ਹੈ। ਖ਼ੂਬ ਗਹਿਮਾ ਗਹਿਮ ਹੈ। ਇਕ ਕੁਰਸੀ ਨਾਲ ਕਾਗਜ਼ਾਂ ਦੇ ਬਹੁਤ ਸਾਰੇ ਹਾਰ ਲਟਕ ਰਹੇ ਹਨ। ਲਾਗੇ ਹੀ ਕੰਡੇਦਾਰ ਕੈਕਟਸ ਦੇ ਤਿੰਨ ਚਾਰ ਗਮਲੇ ਵੀ ਪਏ ਹਨ।

ਮੰਚ ਦੇ ਖੱਬੇ ਪਾਸੇ ਸਲਾਈ ਕੇਂਦਰ ਦਾ ਇਕ ਵੱਡਾ ਫੱਟਾ ਲੱਗਾ ਹੋਇਆ ਹੈ। ਬੂਹੇ ਅਗੇ ਲੰਮਾ ਸਾਰਾ ਲਾਲ ਰਿਬਨ ਤਣਿਆ ਹੋਇਆ ਹੈ। ਦੂਜੇ ਬੰਨੇ ਇਕ ਕਪੜੇ ਉਤੇ "ਪਰਦਰਸ਼ਨੀ ਲਈ ਰਾਹ" ਲਿਖਿਆ ਹੋਇਆ ਹੈ। ਇਕ ਕੋਨੇ ਵਿਚ ਇਕ ਸਿਪਾਹੀ ਮੋਢੇ ਤੇ ਬੰਦੂਕ ਰੱਖੀ ਖੜਾ ਹੈ।

ਮੰਚ ਦੇ ਦੂਜੇ ਕੋਨੇ ਵਿਚ ਤਿੰਨ ਬੰਦੇ — ਮਾਸਟਰ, ਕਵੀਸ਼ਰ ਅਤੇ ਇਕ ਬਾਗੀ ਮੁੰਡਾ ਖੜੇ ਹਨ।

"ਓਹ ਆ ਗਏ" ਦੀ ਸਦ ਨਾਲ ਮੰਚ ਉਤੇ ਤਰਥੱਲੀ ਮਚ ਜਾਂਦੀ ਹੈ। ਸਭ ਲੋਕ ਸਾਵਧਾਨ ਹੋ ਜਾਂਦੇ ਹਨ। ਸਿਪਾਹੀ ਵੀ ਅਟੈਨਸ਼ਨ ਹੋ ਕੇ ਖੜ੍ਹਾ ਹੋ ਜਾਂਦਾ ਹੈ। ]

ਕਵੀਸ਼ਰ : ਓਹ ਆ ਗਏ।

ਮਾਸਟਰ : (ਐਨਕ ਠੀਕ ਕਰਦਾ ਹੋਇਆ) ਕਿੱਥੇ? ਕਿੱਥੇ? ਮੈਨੂੰ ਦਿਖਾ।

ਕਵੀਸ਼ਰ : ਓਹ ਦੇਖੋ, ਕਾਰਾਂ ਦੀ ਧੂੜ ਸਮਾਨ ਨੂੰ ਚੜ੍ਹੀ ਹੋਈ।

ਮਾਸਟਰ : ਉਹ ਤਾਂ ਮਿੱਟੀ ਘੱਟੇ ਦਾ –ਵਰੋਲਾ ਏ।

ਬਾਗ਼ੀ : ਮੰਤਰੀ ਵੀ ਤਾਂ ਵਾ–ਵਰੋਲੇ ਵਾਂਗ ਹੀ ਆਉਂਦੇ ਨੇ,

ਧੂੜ ਉਭਾਰਦੇ, ਰਾਹਗੀਰਾਂ ਦੇ ਅੱਖੀਂ ਘੱਟਾ ਪਾਉਂਦੇ।

ਮਾਸਟਰ : ਹੈ ਤਾਂ ਤੂੰ ਬਾਗ਼ੀ, ਪਰ ਗੱਲ ਤੇਰੀ ਦਰੁੱਸਤ ਹੈ। ਪਿਛੇ ਜਿਹੇ ਮੈਂ ਮੁਖ–ਮੰਤਰੀ ਦੇ ਦਰਸ਼ਨ ਕਰਨ ਲਈ ਘੰਟਾ ਭਰ ਧੁੱਪ ਵਿਚ ਖੜਾ ਰਿਹਾ। ਉਦੋਂ ਹੀ ਪਤਾ ਲੱਗਾ ਜਦੋਂ ਕਾਰ ਫਰਨ ਦੇ ਕੇ ਨਿਕਲ ਗਈ। ਮੈਂ ਐਨਕਾਂ ਈ ਸੁਆਰਦਾ ਰਹਿ ਗਿਆ।

ਕਵੀਸ਼ਰ : ਮੇਰੀ ਜਾਚੇ ਤਾਂ ਉਹ ਰਾਜ–ਮੰਤਰੀ ਦੀ ਹੀ ਕਾਰ ਏ।

ਬਾਗ਼ੀ : ਕਵੀਸ਼ਰਾ, ਤੂੰ ਜ਼ਰੂਰਤ ਤੋਂ ਜ਼ਿਆਦਾ ਆਦਰਸ਼ਵਾਦੀ ਏਂ।

ਮਾਸਟਰ : (ਗਹੁ ਨਾਲ ਵੇਖ ਕੇ) ਉਹ ਤਾਂ ਭੁੱਲੇ ਘੁਮਿਆਰ ਦੇ ਖੋਤੇ ਇੱਟਾਂ ਢੋ ਰਹੇ ਨੇ। ਤਾਹੀਉਂ ਬਹੁਤੀ ਧੂੜ ਉਡੀ ਹੋਈ ਏ।

ਕਵੀਸ਼ਰ : ਦੇਖਦੇ ਰਿਹੋ, ਧੂੜ ਵਿਚੋਂ ਈ ਭੁਰਨ ਕਰਦੀ ਕਾਰ ਨਿਕਲ ਆਉਣੀ ਏਂ।

ਬਾਗ਼ੀ : ਕਵੀਸ਼ਰਾ, ਤੇਰੀ ਸੁਰਤੀ ਸਮਾਨੇ ਚੜ੍ਹੀ ਹੋਈ ਏ, ਤਾਹੀਉਂ ਗਧੇ ਤੈਨੂੰ ਕਾਰਾਂ ਦਿਸਦੇ ਨੇ।

ਕਵੀਸ਼ਰ : ਮਾਸਟਰ ਜੀ, ਜ਼ਰਾ ਦੇਖੋ, ਓਹ ਲੰਮੀ ਸਾਰੀ ਚੀਜ਼ ਕੀ ਹੈ?

ਮਾਸਟਰ : ਕਿੱਥੇ ਕਰਕੇ ?

ਕਵੀਸ਼ਰ : ਓ ਸਫ਼ੈਦੇ ਦੇ ਦਰਖ਼ਤਾਂ ਓਹਲੇ।

ਮਾਸਟਰ : ਇਹ ਸਫ਼ੈਦੇ ਦੇ ਦਰਖ਼ਤ ਵੀ ਦਿਨਾਂ ਵਿਚ ਕਿੱਡੇ ਹੋ ਗਏ ਨੇ। ਭਲਾ ਹੋਵੇ ਰੰਧਾਵਾ ਸਾਹਿਬ ਦਾ।

ਬਾਗ਼ੀ : ਉਹ ਕਿਉਂ ?

ਮਾਸਟਰ : ਕਹਿੰਦੇ ਨੇ ਰੰਧਾਵੇ ਨੇ ਭਾਰਤ ਸਰਕਾਰ ਨੂੰ ਸਫ਼ੈਦੇ ਉਗਾਣ ਦਾ ਸੁਝਾਅ ਦਿੱਤਾ ਸੀ।

ਕਵੀਸ਼ਰ : ਮੈਂ ਸੁਣਿਆ ਕੈਰੋਂ ਸਰਦਾਰ ਨੇ। ਇਹ ਯੋਜਨਾ ਸੁਝਾਈ ਸੀ।

ਬਾਗ਼ੀ : ਤੈਨੂੰ ਕੈਰੋਂ ਤੋਂ ਜ਼ਰੂਰ ਗੱਫਾ ਮਿਲਿਆ ਹੋਣਾ ਏਂ।

ਕਵੀਸ਼ਰ : (ਬੜੀ ਉਤਸੁਕਤਾ ਨਾਲ ਦੇਖਦਾ ਹੋਇਆ) ਲਓ ਜੀ, ਹੁਣੇ ਸੱਚ ਝੂਠ ਦਾ ਨਿਤਾਰਾ ਹੋ ਜਾਂਦਾ ਏ।

ਮਾਸਟਰ : ਉਨ੍ਹਾਂ ਟਿਊਬ ਵੈਲਾਂ ਦੇ ਵਿਚਕਾਰ ਤਾਂ ਸੱਚਮੁੱਚ ਕੁਝ ਹਿਲਦਾ ਹੈ।

ਕਵੀਸ਼ਰ : ਗਹੁ ਨਾਲ ਦੇਖੋ, ਗਧਿਆਂ ਦੇ ਪਿੱਛੇ ਪਿੱਛੇ ਕੀ ਆ ਰਿਹਾ ਏ?

ਬਾਗ਼ੀ : ਉਹ ਤਾਂ ਟਰੱਕ ਹੈ।

ਮਾਸਟਰ : ਹਾਂ, ਹਾਂ, ਉਹ ਤਾਂ ਚੰਨਣ ਦਾ ਨਵਾਂ ਟਰੱਕ ਏ। ਬਹੁਤ ਮਾਲ ਲੱਦਿਆ ਹੋਇਆ ਲਗਦਾ, ਤਾਹੀਉਂ ਜੂੰ ਦੀ ਤੋਰੇ ਤੁਰਦਾ।

ਕਵੀਸ਼ਰ : (ਗੱਲ ਟਾਲਣ ਲਈ) ਅਸਲ ਵਿਚ ਲੀਡਰਾਂ ਨੂੰ ਦੇਰ ਹੋ ਹੀ ਜਾਂਦੀ ਏ। ਉਨ੍ਹਾਂ ਨੂੰ ਬੇਹੱਦ ਰੁਝੇਵਾਂ ਰਹਿੰਦਾ। ਥਾਂ ਪਰ ਥਾਂ ਲੋਕੀਂ ਰੋਕ ਖੜੋਂਦੇ ਨੇ।

ਬਾਗ਼ੀ : ਪਰ ਜਨਤਾ ਦਾ ਵੀ ਤਾਂ ਧਿਆਨ ਰੱਖਣਾ ਜ਼ਰੂਰੀ ਏ। ਵਕਤ ਤੇ ਇਕ ਘੰਟਾ ਉਪਰ ਹੋ ਚੁੱਕਾ ਏ।

ਮਾਸਟਰ : ਜਨਤਾ ਵਾਕਿਆ ਈ ਬਹੁਤ ਉਤਾਵਲੀ ਏ।

ਕਵੀਸ਼ਰ : ਨੇਤਾ ਲੋਕ ਜਨਤਾ ਨੂੰ ਸਗੋਂ ਹੋਰ ਉਤਾਵਲਾ ਕਰਨਾ ਚਾਹੁੰਦੇ ਨੇ। ਜਿੰਨਾ ਵਡਾ ਨੇਤਾ ਓਡੀ ਲੰਮੀ ਉਡੀਕ।

ਬਾਗ਼ੀ : ਖ਼ੈਰ ਰਾਜ ਮੰਤਰੀ ਦੇ ਦੌਰੇ ਦਾ ਪਿੰਡ ਨੂੰ ਇਕ ਫ਼ਾਇਦਾ ਜ਼ਰੂਰ ਪੁੱਜਾ ਏ। ਪਿੰਡ ਦੀ ਸਫ਼ਾਈ ਵਾਹ ਵਾਹ ਹੋ ਗਈ ਹੈ।

ਕਵੀਸ਼ਰ : ਅੱਜ ਤਾਂ ਪਿੰਡ ਮੁਕਲਾਵੇ ਆਈ ਵਹੁਟੀ ਵਾਂਗ ਨਿਖਰਿਆ ਹੋਇਐ।

ਬਾਗ਼ੀ : ਬਲਦ, ਗਾਈਆਂ, ਮੱਝਾਂ, ਖੁਰਲੀਆਂ ਅਫ਼ਸਰਾਂ ਨੇ ਮੰਗ ਮੰਗ ਕੇ ਖੜੀਆਂ ਕੀਤੀਆਂ ਨੇ।

ਕਵੀਸ਼ਰ : ਸਗੋਂ ਪਿੰਡ ਦਾ ਚੰਗਾ ਪ੍ਰਭਾਵ ਪਵੇਗਾ।

ਬਾਗ਼ੀ: ਕਵੀਸ਼ਰਾ, ਪਿੰਡ ਦੀ ਅਸਲ ਗਰੀਬੀ, ਗੰਦਗੀ,ਦਲਿੱਦਰ ਦਿਖਾਉਣਾ ਚਾਹੀਦਾ ਹੈ।

ਮਾਸਟਰ : ਜ਼ਿਲਾ ਅਫ਼ਸਰ ਮੰਤਰੀਆਂ ਨੂੰ ਸਬਜ਼ ਬਾਗ਼ ਦਿਖਾਉਂਦੇ ਨੇ।

ਬਾਗ਼ੀ : ਤੇ ਮੰਤਰੀ ਜਨਤਾ ਨੂੰ।

ਮਾਸਟਰ : ਬਰਖ਼ੁਰਦਾਰ, ਤੂੰ ਅੱਜ ਕੁਝ ਵਧੇਰੇ ਹੀ ਗਰਮ ਹੈਂ।

ਬਾਗ਼ੀ : ਮਾਸਟਰ ਜੀ, ਮੇਰਾ ਤੁਹਾਡੇ ਵਾਂਗ ਅਜੇ ਮਚ ਨਹੀਂ ਮਰਿਆ। ਗ਼ਲਤ ਗੱਲ ਦੇਖਕੇ ਖ਼ੂਨ ਖ਼ੌਲਦਾ ਏ।

ਕਵੀਸ਼ਰ : ਮੈਂ ਸੁਣਿਆ, ਰਾਜ ਮੰਤਰੀ ਅਜੇ ਰੰਡਾ ਈ ਏ।

ਮਾਸਟਰ : ਕਮਲਿਆ, ਦੁਆਰਾ ਆਖ।

ਬਾਗ਼ੀ : ਪਰ ਮੈਂ ਸੁਣਿਆ, ਬਹੁਤ ਵੱਡਾ ਸ਼ਿਕਾਰੀ ਏ।

ਮਾਸਟਰ : ਮੁੰਡਿਆ, ਤੂੰ ਤਾਂ ਸਾਨੂੰ ਵੀ ਨਾਲ ਬਨ੍ਹਾਂਵੇਂਗਾ। ਅਜ ਚੱਪੇ ਚੱਪੇ ਤੇ ਸਰਕਾਰੀ ਜਾਸੂਸ ਫਿਰਦੇ ਨੇ।

ਕਵੀਸ਼ਰ : ਇਹਦੇ ਕੋਲ ਖੜਨਾ ਵੀ ਖ਼ਤਰਨਾਕ ਏ।

ਮਾਸਟਰ : (ਕਵੀਸ਼ਰ ਨੂੰ ਸੈਣਤ ਨਾਲ) ਐਧਰ ਗੱਲ ਸੁਣ। ਮੇਰੇ ਵਲੋਂ ਲਾਜੋ ਨੂੰ ਕਹਿ, ਰਾਜ ਮੰਤਰੀ ਆਉਣ ਵਾਲੇ ਨੇ, ਜ਼ਰਾ ਹੁਸ਼ਿਆਰੀ ਤੋਂ ਕੰਮ ਲਵੇ। ਨਾਲੇ ਵਾਲ ਸ਼ਾਲ ਠੀਕ ਕਰ ਲਵੇ। ਝੱਲੀ ਨਾ ਬਣੀ ਰਵ੍ਹੇ। ਜਾਹ !

ਬਾਗ਼ੀ : ਮਾਸਟਰਾ, ਤੂੰ ਮੁੰਡੇ ਪੜ੍ਹਾਉਂਦਾ ਹੁੰਦਾ ਕਿ ਡੰਗਰ ਚਾਰਦਾਂ।

ਮਾਸਟਰ : (ਹੈਰਾਨੀ ਨਾਲ ਉਸ ਵਲ ਦੇਖਦਾ ਹੋਇਆ) ਕੀ ਮਤਲਬ?

ਬਾਗ਼ੀ : (ਮਖ਼ੌਲ ਨਾਲ ਹੱਸਦਾ ਹੋਇਆ) ਅਜੇ ਵੀ ਨਹੀਂ ਸਮਝਿਆ?

ਮਾਸਟਰ : ਜ਼ਮਾਨਾ ਗ਼ਰਕ ਹੋਣ ਤੇ ਆ ਗਿਆ। ਬੱਚਿਆਂ ਨੂੰ ਮਾਂ ਬਾਪ ਦੀ ਕਦਰ ਨਹੀਂ, ਤੇ ਵਿਦਿਆਰਥੀਆਂ ਨੂੰ ਉਸਤਾਦਾਂ ਦਾ ਲਿਹਾਜ਼ ਨਹੀਂ।

ਕਵੀਸ਼ਰ : (ਨੱਸਾ ਆਉਂਦਾ ਹੋਇਆ) ਉਹ ਸੱਚਮੁੱਚ ਆ ਗਏ।

ਮਾਸਟਰ : ਹਾਂ, ਝੰਡੇ ਵਾਲੀ ਕਾਰ ਠੀਕ ਰਾਜ ਮੰਤਰੀ ਦੀ ਹੈ।

ਕਵੀਸ਼ਰ : ਪਿਛਲੀ ਕਾਰ ਵਿਚ ਭਲਵਾਨ, ਜ਼ੈਲਦਾਰ ਤੇ ਸੁੱਚਾ ਸਿੰਘ ਐਮ. ਐਲ. ਏ. ਬੈਠੇ ਨੇ।

[ਸਟੇਜ ਤੇ ਲੋਕੀਂ ਇਧਰ ਉਧਰ ਦੌੜਦੇ ਹਨ। ਸਿਪਾਹੀ ਵਿਸਲ ਵਜਾ ਕੇ ਅਟੈਨਸ਼ਨ ਖੜਾ ਹੋ ਜਾਂਦਾ ਹੈ। ਮੰਚ ਤੋਂ ਬਾਹਰ "ਰਾਜ ਮੰਤਰੀ" "ਜ਼ਿੰਦਾਬਾਦ" ਦੇ ਨਾਹਰੇ ਸਣਾਈ ਦਿੰਦੇ ਹਨ।

ਝਟ ਕੁ ਪਿਛੋਂ ਰਾਜ ਮੰਤਰੀ ਸਟੇਜ ਤੇ ਆਉਂਦਾ ਹੈ। ਉਸ ਦੇ ਨਾਲ ਭਲਵਾਨ, ਜ਼ੈਲਦਾਰ ਤੇ ਸੁੱਚਾ ਸਿੰਘ ਹਨ। ਲਾਜਵੰਤੀ ਹੱਥ ਜੋੜ ਕੇ ਉਨ੍ਹਾਂ ਦਾ ਮੰਚ ਤੇ ਸਵਾਗਤ ਕਰਦੀ ਹੈ।

ਰਾਜ ਮੰਤਰੀ ਸ਼ੁੱਧ ਸਫ਼ੈਦ ਪੁਸ਼ਾਕ ਵਿਚ ਪ੍ਰਭਾਵਸ਼ਾਲੀ ਪੁਰਸ਼ ਜਾਪਦਾ ਹੈ।

ਰਾਜ ਮੰਤਰੀ : (ਆਲਾ ਦੁਆਲਾ ਦੇਖ ਕੇ ਬੜੇ ਤਰੰਗ ਨਾਲ) ਰੂਪ ਨਗਰ ਜਿਹੋ ਜਿਹਾ ਸੁਣਿਆ ਸੀ, ਉਸ ਨਾਲੋਂ ਵਧ ਮਨ ਮੋਹਣਾ ਏਂ।

ਭਲਵਾਨ : ਇਥੋਂ ਦੇ ਵਸਨੀਕ ਇਸ ਨਾਲੋਂ ਵੀ ਸੁੰਦਰ ਤੇ ਸਜੀਲੇ ਨੇ।

ਰਾਜ ਮੰਤਰੀ : (ਚੋਰੀ ਅੱਖੀਂ ਲਾਜੋ ਨੂੰ ਦੇਖਦਾ ਹੋਇਆ) ਇਸ ਵਿਚ ਜ਼ਰਾ ਝੂਠ ਨਹੀਂ, ਤਬੀਅਤ ਸਾਫ਼ ਹੋ ਗਈ ਏ। ਰੂਹ ਵਿਚ ਖੇੜਾ ਆ ਗਿਆ ਹੈ। ਦਿਲ ਦਿਮਾਗ਼ ਤਾਜ਼ਾ ਹੋ ਗਿਆ ਹੈ।

ਜ਼ੈਲਦਾਰ : ਇਹ ਰੌਣਕ, ਇਹ ਖ਼ੂਬਸੂਰਤੀ ਹਜ਼ੂਰ ਦੀ ਆਮਦ ਦਾ ਰੱਬੀ ਚਮਤਕਾਰ ਹੈ।

ਰਾਜ ਮੰਤਰੀ : (ਜ਼ਰਾ ਝੇਪ ਕੇ) ਓਹ ਕਾਲੀਆਂ ਝੰਡੀਆਂ ਵਾਲੇ ਛੋਕਰੇ ਕੀ ਕਹਿੰਦੇ ਨੇ?

ਭਲਵਾਨ : ਹਜ਼ੂਰ, ਨੌਜਵਾਨ ਆਪਣੀਆਂ ਸ਼ਿਕਾਇਤਾਂ ਤੁਹਾਡੇ ਕੰਨਾਂ ਤਕ ਪਹੁੰਚਾਉਣਾ ਚਾਹੁੰਦੇ ਨੇ।

ਰਾਜ ਮੰਤਰੀ : ਫੇਰ ਐਨਾ ਉੱਚੀ ਉੱਚੀ ਕਿਉਂ ਚੀਕਦੇ ਨੇ।

ਭਲਵਾਨ : ਹਜ਼ੂਰ, ਕਹਿੰਦੇ ਨੇ, ਸਰਕਾਰ ਨੂੰ ਉੱਚਾ ਸੁਣਦਾ ਏ।

ਰਾਜ ਮੰਤਰੀ : ਪਰ ਮੇਰੇ ਕੰਨ ਤਾਂ ਸ਼ਿਕਾਰੀ ਕੁੱਤੇ ਨਾਲਂ ਵੀ ਪਤਲੇ ਨੇ।

ਜ਼ੈਲਦਾਰ : ਸਰਕਾਰ, ਸਿਰ ਫਿਰੇ ਨੌਜਵਾਨ ਨੇ, ਉਨ੍ਹਾਂ ਵਲ ਧਿਆਨ ਈ ਨਾ ਦਿਓ।

ਭਲਵਾਨ : ਹਜ਼ੂਰ, ਇਹ ਲੋਕ ਤਾਂ ਅਜੀਬ ਅਜੀਬ ਗੱਲਾਂ ਕਰਦੇ ਨੇ। ਕਹਿੰਦੇ ਨੇ ਤੋੜ ਭੰਨ ਕਰੇ ਬਿਨਾਂ ਸਰਕਾਰ ਕੋਈ ਮੰਗ ਨਹੀਂ ਮੰਨਦੀ।

ਰਾਜ ਮੰਤਰੀ : (ਆਪਣੇ ਪੀ. ਏ. ਨੂੰ) ਸਭ ਦੀਆਂ ਸ਼ਿਕਾਇਤਾਂ ਦਰਜ ਕਰ।

ਪੀ. ਏ. : ਬਹੁਤ ਅੱਛਾ ਜੀ, ਹੁਣ ਕਰਦਾ ਹਾਂ।

[ਬਹੁਤ ਸਾਰੇ ਨੌਜਵਾਨ ਪੀ. ਏ. ਦੇ ਦੁਆਲੇ ਇਕੱਠੇ ਹੋ ਜਾਂਦੇ ਹਨ। ]

ਰਾਜ ਮੰਤਰੀ : ਪ੍ਰੋਗਰਾਮ ਕਿਆ ਹੈ?

ਭਲਵਾਨ : ਪਹਿਲਾਂ ਇਸਤਰੀ ਕੇਂਦਰ ਚਲਣਾ ਹੈ ਜੀ।

ਰਾਜ ਮੰਤਰੀ : ਹੈਂ! ਇਸਤ੍ਰੀ ਕੇਂਦਰ? ਹੁਣੇ ਤੂੰ ਕੁਛ ਹੋਰ ਕਿਹਾ ਸੀ।

ਭਲਵਾਨ : ਸਲਾਈ ਕੇਂਦਰ ਹੀ ਇਸਤ੍ਰੀ ਕੇਂਦਰ ਹੈ ਜਨਾਬ।

ਰਾਜ ਮੰਤਰੀ : ਉਸ ਦੀ ਮਾਸਟਰਾਣੀ ਕੌਣ ਹੈ।

ਭਲਵਾਨ : (ਲਾਜੋ ਵਲ ਇਸ਼ਾਰਾ ਕਰ ਕੇ) ਇਹ ਸਯੋਗ ਬੀਬੀ ਜੀ।

ਰਾਜ ਮੰਤਰੀ : ਇਨ੍ਹਾਂ ਵਾਂਗ ਕੇਂਦਰ ਵੀ ਸੁਚੱਜਾ ਹੀ ਹੋਵੇਗਾ।

ਲਾਜੋ : ਇਹ ਸਭ ਨਗਰ ਵਾਸੀਆਂ ਦਾ ਉੱਦਮ ਹੈ ਜੀ। ਮੈਂ ਤਾਂ ਸਾਧਾਰਣ ਜਿਹੀ ਨਿਰਦੇਸ਼ਕਾ ਹਾਂ।

[ਭਲਵਾਨ ਤੇ ਜ਼ੈਲਦਾਰ ਇਕ ਦੂਜੇ ਨੂੰ ਇਸ਼ਾਰਾ ਕਰਦੇ ਹਨ। ]

ਰਾਜ ਮੰਤਰੀ : (ਗਹੁ ਨਾਲ ਲਾਜੋ ਨੂੰ ਦੇਖਦਾ ਹੋਇਆ) ਮੈਂ ਉਦੋਂ ਦਾ ਸੋਚ ਰਿਹਾਂ, ਤੁਹਾਨੂੰ ਕਿਧਰੇ ਦੇਖਿਆ ਹੋਇਐ!

ਭਲਵਾਨ : ਪਿਛਲੇ ਜਨਮ ਦੇ ਰੂਹਾਨੀ ਸੰਬੰਧ ਜਾਪਦੇ ਨੇ ਜੀ।

ਜ਼ੈਲਦਾਰ : ਸੰਜੋਗ ਬੜੇ ਜ਼ੋਰਾਵਰ ਹੁੰਦੇ ਨੇ ਸਰਕਾਰ।

ਰਾਜ ਮੰਤਰੀ : ਇਹ ਮਿਲਾਪ ਸੰਜੋਗਾਂ ਦੀ ਗੱਲ ਹੀ ਜਾਪਦੀ ਹੈ।

ਭਲਵਾਨ : ਸਰਕਾਰ, ਕੋਈ ਭੇਦਾਂ ਨੂੰ ਬੰਦੇ ਦੀ ਅਕਲ ਜਾਣ ਹੀ ਨਹੀਂ ਸਕਦੀ।

ਰਾਜ ਮੰਤਰੀ : ਅਗਲਾ ਪ੍ਰੋਗਰਾਮ ਦੱਸੋ।

ਭਲਵਾਨ : ਪਿੰਡ ਦੀ ਦਸਤਕਾਰੀ, ਸਲਾਈ ਕਢਾਈ ਦੀ ਨੁਮਾਇਸ਼ ਦਿਖਾਉਣੀ ਹੈ।

ਰਾਜ ਮੰਤਰੀ : ਉਸ ਪਿਛੋਂ ?

ਭਲਵਾਨ : ਤੁਹਾਡੇ ਨਾਲ ਇਕ ਗੁਪਤ ਭੇਦ ਭਰੀ ਗੱਲ ਵੀ ਕਰਨੀ ਏਂ।

ਰਾਜ ਮੰਤਰੀ : ਜ਼ਰੂਰ ਵਕਤ ਕੱਢਾਂਗੇ। ਹੋਰ ?

ਭਲਵਾਨ : ਨਗਰ ਵਲੋਂ ਥੈਲੀ ਦੀ ਭੇਟ ਵੀ ਕਰਨੀ ਹੈ। ਪਰ ਜੀ, ਉਹ ਭਰੇ ਹੋਏ ਜਲਸੇ ਵਿਚ ਕਰਾਂਗੇ।

ਰਾਜ ਮੰਤਰੀ : ਕਿੰਨੀ ਕੁ ਮਾਇਆ ਇਕੱਤਰ ਕੀਤੀ ਹੈ ?

ਭਲਵਾਨ : (ਝਿਜਕਦਾ ਹੋਇਆ) ਜੀ, ਕੁਲ ਦਸ ਹਜ਼ਾਰ 'ਕੱਠਾ ਕਰ ਸਕੇ ਆਂ।

ਰਾਜ ਮੰਤਰੀ : ਕੁਲ ਦਸ ਹਜ਼ਾਰ? 'ਕੱਠਾ ਤਾਂ ਬਹੁਤਾ ਕੀਤਾ ਹੋਵੇਗਾ? ਤਹਿਸੀਲਦਾਰ ਤੇ ਬੀ. ਡੀ. ਓ. ਦੀ ਮਦਦ ਨਹੀਂ ਲਈ?

ਭਲਵਾਨ : ਸਭ ਕੁਝ ਕੀਤਾ ਸੀ।

ਜ਼ੈਲਦਾਰ : ਸਰਕਾਰ, ਖ਼ਰਚਾ ਵੀ ਤਾਂ ਵਿਚੋਂ ਹੀ ਕੱਢਨਾ ਏਂ।

ਭਲਵਾਨ : ਵਜ਼ੀਰ ਸਾਹਿਬ, ਇਹ ਇਲਾਕਾ ਬਹੁਤ ਗ਼ਰੀਬ ਤੇ ਪਛੜਿਆ ਹੋਇਆ ਏ। ਇਸ ਪਾਸੇ ਵਲ ਸਰਕਾਰ ਦਾ ਧਿਆਨ ਈ ਨਹੀਂ ਗਿਆ।

ਰਾਜ ਮੰਤਰੀ : ਮੇਰਾ ਖ਼ਿਆਲ ਹੈ ਭੇਦ ਭਰੀ ਗੱਲ ਪਹਿਲਾਂ ਕਰ ਲਈਏ। ਇਹ ਗੱਲ ਕਹਿ ਕੇ ਤੂੰ ਮੈਨੂੰ ਬਹੁਤਾ ਹੀ ਉਤਸੁਕ ਕਰ ਦਿੱਤਾ ਹੈ। ਛੇਤੀ ਗੱਲ ਦਸ।

ਭਲਵਾਨ : ਜੀ, ਅਸੀਂ ਪਿੰਡ ਨਾਲ ਤੁਹਾਡਾ ਸਦੀਵੀ ਨਾਤਾ ਗੰਢਣਾ ਚਾਹੁੰਦੇ ਹਾਂ।

ਰਾਜ ਮੰਤਰੀ: ਬੁਝਾਰਤਾਂ ਨਾ ਪਾ, ਸਿੱਧੀ ਤਰ੍ਹਾਂ ਗੱਲ ਕਰ।

ਭਲਵਾਨ : ਪਿੰਡ ਵਾਲਿਆਂ ਨੇ ਤੁਹਾਡੇ ਵਾਸਤੇ ਨਹਾਇਤ ਸੁਸ਼ੀਲ ਕੰਨਿਆਂ ਤਜਵੀਜ਼ ਕੀਤੀ ਹੈ।

ਰਾਜ ਮੰਤਰੀ : (ਲਾਜੋ ਵਲ ਦੇਖਦਾ ਹੋਇਆ) ਜੇਕਰ ਤੁਸੀਂ ਨਾ ਵੀ ਕਹਿੰਦੇ, ਤਾਂ ਵੀ ਮੇਰੇ ਦਿਲ ਨੇ ਖ਼ੁਦ ਅਰਜ਼ੋਈ ਕਰਨੀ ਸੀ। ਨਗਰ ਵਾਸੀਆਂ ਨੇ ਮੇਰਾ ਦਿਲ ਪਿਆਰ ਨਾਲ ਮੂੰਹ ਭਰ ਦਿੱਤਾ ਹੈ।

ਭਲਵਾਨ : (ਇਸ਼ਾਰੇ ਨਾਲ ਲਾਜੋ ਨੂੰ ਨੇੜੇ ਸੱਦਦਾ ਹੋਇਆ) ਇਹ ਨੇ ਬੀਬੀ ਲਾਜਵੰਤੀ ਜੀ, ਲੜਕੀਆਂ ਦੇ ਸਕੂਲ ਦੀ ਮੁੱਖ ਅਧਿਆਪਕਾ। ਸਲਾਈ ਕੇਂਦਰ ਦੀ ਇੰਚਾਰਜ। ਬਹੁਤ ਸੁਚੱਜੀ ਲੜਕੀ ਹੈ।

ਰਾਜ ਮੰਤਰੀ : ਇਹ ਸ਼ਬਦ ਕਹਿਣ ਦੀ ਲੋੜ ਨਹੀਂ। ਇਹ ਗੁਣ ਬੀਬੀ ਜੀ ਦੇ ਚਿਹਰੇ ਤੇ ਚਿਤਰੇ ਹੋਏ ਨੇ। ਕੀ ਮੈਂ ਨਾਮ ਪੁੱਛਣ ਦੀ ਅਵੱਗਿਆ ਕਰ ਸਕਦਾ ਹਾਂ ?

ਲਾਜੋ : ਜੀ, ਮਾਂ ਬਾਪ ਨੇ ਮੇਰਾ ਨਾਮ ਲਾਜਵੰਤੀ ਰੱਖਿਆ ਹੋਇਆ ਏ।

ਰਾਜ ਮੰਤਰੀ : (ਮਸਤੀ ਨਾਲ ਝੂੰਮਦਾ ਹੋਇਆ) ਅਤੀ ਸੁੰਦਰ ਨਾਮ ਹੈ। (ਭਲਵਾਨ ਨੂੰ) ਮੇਰਾ ਸੰਕਲਪ ਹੈ ਬਾਕੀ ਪ੍ਰੋਗਰਾਮ ਅਗਲੇ ਦੌਰੇ ਲਈ ਰਹਿਣ ਦਿੱਤਾ ਜਾਵੇ। ਹੁਣ ਅਸੀਂ ਸਿਸ਼ਰਾਮ ਕਰਨਾ ਚਾਹੁੰਦੇ ਹਾਂ।

ਭਲਵਾਨ : ਸਰਕਾਰ, ਇਸ ਤਰ੍ਹਾਂ ਨਾ ਸੋਚੋ। ਜਨਤਾ ਸਾਡੀ ਬੋਟੀ ਬੋਟੀ ਨੋਚ ਦੇਵੇਗੀ।

ਜ਼ੈਲਦਾਰ : ਲੋਕੀਂ ਤੁਹਾਡੀ ਕਾਰ ਨੂੰ ਇੱਟਾਂ ਵੱਟਿਆਂ ਨਾਲ ਭੰਨ ਦੇਣਗੇ।

ਲਾਜੋ : ਜੀ, ਖੇਚੀ ਤਾਂ ਤੁਹਾਨੂੰ ਹੋਵੇਗੀ, ਪਰ ਸਾਰਾ ਪ੍ਰੋਗਰਾਮ ਭੁਗਤਾਉਣਾ ਹੀ ਠੀਕ ਹੈ।

ਰਾਜ ਮੰਤਰੀ : ਇਕੋ ਸ਼ਰਤ ਤੇ ਹਾਂ ਕਹਿ ਸਕਦਾਂ।

ਲਾਜੋ : ਉਹ ਕਿਹੜੀ ਜੀ ?

ਰਾਜ ਮੰਤਰੀ : ਤੁਸੀਂ ਮੇਰੇ ਸਾਥ ਮੰਚ ਉੱਤੇ ਬੈਠਣਾ ਹੋਵੇਗਾ।

ਲਾਜੋ : ਬੜੀ ਖ਼ੁਸ਼ੀ ਨਾਲ ਜੀ।

ਰਾਜ ਮੰਤਰੀ : (ਪ੍ਰਸੰਨਤਾ ਪਰਗਟ ਕਰਦਾ ਹੋਇਆ) ਬਹੁਤ ਆਗਿਆਕਾਰ ਕੰਨਿਆ ਹੈ।

(ਦੋ ਲੜਕੇ ਨੋਟ ਬੁੱਕਾਂ ਲੈ ਕੇ ਰਾਜ ਮੰਤਰੀ ਵਲ ਜਾਂਦੇ ਹਨ। ]

ਰਾਜ ਮੰਤਰੀ : ਇਹ ਕਿਆ ਚਾਹੁੰਦੇ ਹੈਨ ?

ਪੀ. ਏ. : ਆਟੋਗ੍ਰਾਫ ਲੈਣਾ ਚਾਹੁੰਦੇ ਨੇ।

ਰਾਜ ਮੰਤਰੀ : ਉਹ ਕਿਆ ਹੁੰਦਾ ?

ਪੀ. ਏ. : ਜੀ, ਨੋਟ ਬੁਕ ਉਤੇ ਤੁਹਾਡੇ ਦਸਖ਼ਤ।

ਰਾਜ ਮੰਤਰੀ : ਪਈ ਦਸਤਕ ਤਾਂ ਮੈਂ ਕਦੇ ਜੰਮ ਕੇ ਨਹੀਂ ਕੀਤੇ, ਗੂਠਾ ਹੀ ਲਾਉਂਦਾ ਹਾਂ।

ਪੀ. ਏ. : (ਜ਼ਰਾ ਹੌਲੀ) ਸਰਕਾਰ, ਇਨਕਾਰ ਨਾ ਕਰੋ, ਲੜਕੇ ਤੁਹਾਨੂੰ ਅਨਪੜ੍ਹ ਸਮਝਣਗੇ। ਤੁਸੀਂ ਕੁਛ ਵੀ ਨਹੀਂ ਕਰਨਾ। ਕਾਪੀ ਤੇ ਇਕ ਝਰੀਟ ਈ ਮਾਰਨੀ ਏਂ।

ਰਾਜ ਮੰਤਰੀ : ਫੇਰ ਤਾਂ ਸਾਧਾਰਣ ਬਾਤ ਹੈ। ਲਿਆਓ ਭਈ ਮੁੰਡਿਓ!

(ਇਕ ਮੁੰਡਾ ਪੈੱਨ ਤੇ ਨੋਟ ਬੁਕ ਦਿੰਦਾ ਹੈ। ਰਾਜ ਮੰਤਰੀ ਜ਼ੋਰ ਨਾਲ ਝਰੀਟ ਮਾਰਦਾ ਹੈ। ਵਰਕਾ ਫਟ ਜਾਂਦਾ ਹੈ। ਲੜਕਾ ਰੋਣ ਲਗ ਜਾਂਦਾ ਹੈ। ]

ਰਾਜ ਮੰਤਰੀ : ਇਹਨੂੰ ਰੁਪਈਆ ਦੇ ਦੇ, ਹੋਰ ਖ਼ਰੀਦ ਲਵੇ। ਦੌੜ ਜਾ ਮੁੰਡਿਆ।

ਭਲਵਾਨ : ਸਰਕਾਰ, ਪਹਿਲਾਂ ਐਧਰ ਤਸ਼ਰੀਫ ਲਿਆਓ।

ਰਾਜ ਮੰਤਰੀ : ਏਧਰ ਕਿਆ ਹੈ?

ਭਲਵਾਨ : ਸਭ ਤੋਂ ਪਹਿਲਾਂ ਤੁਸੀਂ ਸਿਲਾਈ ਕੇਂਦਰ ਦਾ ਉਦਘਾਟਨ ਕਰਨਾ ਏ।

ਰਾਜ ਮੰਤਰੀ : ( ਪੀ. ਏ. ਨੂੰ) ਉਹ ਕਿਆ ਹੁੰਦਾ ਹੈ? ਕੈਸੇ ਕਰੀਦਾ ਹੈ?

ਪੀ. ਏ. : ਕਛ ਵੀ ਗੱਲ ਨਹੀਂ ਜੀ, ਤੁਸੀਂ ਕੈਂਚੀ ਨਾਲ ਫ਼ੀਤਾ ਕੱਟਣਾ ਏਂ।

ਰਾਜ ਮੰਤਰੀ : ਕੈਂਚੀ ਤਾਂ ਆਪਾਂ ਨਹੀਂ ਲਿਆਏ। ਹਾਂ ਉਸਤਰਾ ਹੈ ਮੇਰੇ ਥੈਲੇ ਵਿਚ।

ਪੀ. ਏ. : ਉਸ ਦੀ ਲੋੜ ਨਹੀਂ ਜੀ। ਇਕ ਬੀਬੀ ਥਾਲ ਵਿਚ ਕੈਂਚੀ ਲੈ ਕੇ ਖੜੀ ਹੋਵੇਗੀ।

ਰਾਜ ਮੰਤਰੀ : ਹੈਂ ਬੀਬੀ! ਇਸ ਵਿਚ ਕੋਈ ਲਿਖਣ ਪੜ੍ਹਨ ਵਾਲੀ ਗੱਲ ਬਾਤ ਤਾਂ ਨਹੀਂ ?

ਪੀ. ਏ. : ਬਿਲਕੁਲ ਨਹੀਂ ਜੀ।

ਰਾਜ ਮੰਤਰੀ : ਫੇਰ ਤਾਂ ਸੌਖਾ ਹੀ ਕੰਮ ਹੈ। ਕੈਂਚੀ ਆਪਾਂ ਬਥੇਰੀ ਚਲਾਈ ਹੋਈ ਹੈ।
ਛੋਟਾ ਹੁੰਦਾ ਡੇਰੇ ਦੇ ਸਾਰੇ ਬਸਤਰ ਸੀਂਦਾ ਹੁੰਦਾ ਸੀ।

ਭਲਵਾਨ : ਜੀ ਇਸ ਤਰਫ।

ਰਾਜ ਮੰਤਰੀ : (ਥਾਲ ਲਈ ਖੜੀ ਔਰਤ ਵਲ ਇਕ ਟਕ ਦੇਖਦਾ ਹੋਇਆ) ਇਹ ਔਰਤ ਕੌਣ ਹੈ?

ਭਲਵਾਨ : ਪਿੰਡ ਦੇ ਸਕੂਲ ਦੀ ਮਾਈ ਹੈ ਹਜ਼ੂਰ!

ਰਾਜ ਮੰਤਰੀ : (ਸੋਚਾਂ ਵਿਚ) ਹੈਂ! ਸਕੂਲ ਦੀ ਮਾਈ? ਇਸ ਦੀ ਸ਼ਕਲ ਤਾਂ ਪਰੇਮੋ ਨਾਲ ਮਿਲਦੀ ਜੁਲਦੀ ਹੈ।

ਭਲਵਾਨ : ਜੀ ਸ਼ਕਲਾਂ ਤਾਂ ਅਕਸਰ ਭੁਲੇਖਾ ਪੈ ਜਾਂਦਾ ਏ।

ਪਰੇਮੋ : ਗੁਰੂ ਜੀ, ਮੈਂ ਤੁਹਾਡੀ ਸੇਵਕਾ ਹਾਂ।

ਰਾਜ ਮੰਤਰੀ : (ਲਾਜੋ ਵਲ ਦੇਖਦਾ ਹੋਇਆ) ਹੁਕਮ ਰੋ ਜੀ।

ਲਾਜੋ : ਜੀ, ਆਪਣ ਕਰ ਕੰਵਲਾਂ ਨਾਲ ਇਹ ਫ਼ੀਤਾ ਕੱਟ ਦਿਓ।

ਪੀ. ਏ. : (ਹੌਲੀ) ਛੇਤੀ ਕਰੋ ਜੀ, ਲੋਕੀ ਸਮਝਣਗੇ ਰਾਜ ਮੰਤਰੀ ਬੁੱਧੂ ਏ।

[ਰਾਜ ਮੰਤਰੀ ਝਟ ਪਟ ਫ਼ੀਤਾ ਕੱਟਦਾ ਹੈ। ਲੋਕੀ ਤਾਲੀਆਂ ਵਜਾਉਂਦੇ ਹਨ। ਉਹ ਵੀ ਤੌਂੜੀ ਮਾਰਨ ਲਗਦਾ ਹੈ। ਕੈਂਚੀ ਉਸ ਦੇ ਹੱਥੋਂ ਡਿਗ ਪੈਂਦੀ ਹੈ, ਲਾਜਵੰਤੀ ਚੁੱਕ ਕੇ ਮਾਈ ਨੂੰ ਫੜਾ ਦਿੰਦੀ ਹੈ। ]

ਜ਼ੈਲਦਾਰ : (ਭਲਵਾਨ ਨੂੰ) ਛੇਤੀ ਕਰੋ ਕੰਮ ਮੁਕਾਓ। ਲੋਕੀਂ ਬੜੇ ਕਾਹਲੇ ਪਏ ਹੋਏ ਨੇ। ਘੂਰ ਘੂਰ ਕੇ ਦੇਖ ਰਹੇ ਨ ਸਾਡੀ ਵਲ। ਕਿਤੇ ਇੱਟਾਂ ਵੱਟੇ ਨਾ ਮਾਰਨ ਲਗ ਜਾਣ।

ਭਲਵਾਨ : ਬਸ ਪੰਜ ਦਸ ਮਿੰਟ ਹੋਰ ਲਗਣਗੇ। (ਓਹਲੇ ਨਾਲ) ਮੰਤਰੀ ਸਾਹਿਬ ਸੁੱਤੇ ਸੁੱਤੇ ਲਗਦੇ ਨੇ। (ਉੱਚੀ) ਤੁਸੀਂ ਐਲਾਨ ਕਰ ਦਿਓ ਕਿ ਬਸ ਆਏ ਸਮਝੋ।

ਜ਼ੈਲਦਾਰ : ਕਈ ਦਫ਼ਾ ਕਹਿ ਬੈਠੇ ਹਾਂ। ਲੋਕੀਂ ਘੜੀ ਮੁੜੀ ਤਾੜੀਆਂ ਤੇ ਸੀਟੀਆਂ ਮਾਰ ਰਹੇ ਨੇ।

ਭਲਵਾਨ ; ਸਿਪਾਹੀਆਂ ਨੂੰ ਅੰਤ ਵਿਚਾਲੇ ਬਿਠਾ ਦਿਓ। ਉਨ੍ਹਾਂ ਬਾਗ਼ੀ ਮੁੰਡਿਆਂ ਦਾ ਖ਼ਾਸ ਧਿਆਨ ਰੱਖਣ। ਦੇਖਣਾ ਜਲਸੇ ਵਿਚ ਗੜ ਬੜ ਨਾ ਹੋਵੇ, ਨਹੀਂ ਤਾਂ ਸਾਰੀ ਕੀਤੀ ਕਰਾਈ ਖ਼ੂਹ ਵਿਚ ਪੈ ਜਾਵੇਗੀ।

ਜ਼ੈਲਦਾਰ : (ਜਾਂਦਾ ਹੋਇਆ ਸੈਣਤ ਨਾਲ) ਛੇਤੀ ਛੇਤੀ ਕੰਮ ਭੁਗਤਾਓ।

ਭਲਵਾਨ : ਜੀ, ਐਧਰ ਪ੍ਰਦਰਸ਼ਨੀ ਵਿਚ ਵੀ ਚਰਨ ਪਾ ਦਿਓ।

ਰਾਜ ਮੰਤਰੀ : ਇਸ ਦਾ ਫੀਤਾ ਨਹੀਂ ਕਟਵਾਣਾ।

ਭਲਵਾਨ : ਇਹ ਤਾਂ ਜੀ ਕਈ ਦਿਨਾਂ ਦੀ ਚਲਦੀ ਹੈ। ਮਾਲ ਮੰਤਰੀ ਉਦਘਾਟਨ ਕਰ ਗਏ ਸਨ।

ਰਾਜ ਮੰਤਰੀ : ਪਰ ਇਹ ਇਲਾਕਾ ਤਾਂ ਮੇਰੇ ਤਹਿਤ ਵਿਚ ਹੈ, ਉਹ ਕਿਉਂ ਕਰ ਗਏ?

ਭਲਵਾਨ : ਉਹ ਮਾਲ ਮੰਡੀ ਵਿਚ ਪਸ਼ੂ ਮੇਲੇ ਦਾ ਆਰੰਭ ਕਰਨ ਆਏ ਸਨ।

ਰਾਜ ਮੰਤਰੀ : ਅਗਲਾ ਪ੍ਰੋਗਰਾਮ ਬੋਲੋ ਜਲਦੀ।

ਭਲਵਾਨ : ਸਰਕਾਰ, ਕੁਝ ਡੈਪੂਟੇਸ਼ਨ ਤੁਹਾਨੂੰ ਮਿਲਣਾ ਚਾਹੁੰਦੇ ਨੇ। ਜੇ ਅਸੀਂ ਉਨ੍ਹਾਂ ਨੂੰ ਰੋਕਾਂਗੇ, ਤਾਂ ਉਹ ਜਲਸੇ ਵਿਚ ਗੜ ਬੜ ਕਰਨਗੇ।

ਰਾਜ ਮੰਤਰੀ : ਗੜ ਬੜ ਮਤ ਹੋਣ ਦੇਣਾ, (ਪੀ. ਏ. ਨੂੰ ਹੌਲੀ ਜਿਹੇ) ਡੀਪੂਟੇਸ਼ਨ ਕੀ ਹੁੰਦੇ ਨੇ?

ਪੀ. ਏ. : ਕੁਛ ਵੀ ਨਹੀਂ ਜੀ। ਲੋਕੀਂ ਪੰਚਾਇਤ ਜੋੜ ਕੇ ਆਉਂਦੇ ਨੇ। ਆਪਣੀਆਂ ਸ਼ਿਕਾਇਤਾਂ ਜਾਂ ਮੰਗਾਂ ਤੁਹਾਡੇ ਸਾਹਮਣੇ ਰਖਣਗੇ। ਤੁਸੀਂ ਸਭ ਦੀਆਂ ਗੱਲਾਂ ਸਬਰ ਸੰਤੋਖ ਨਾਲ ਸੁਣ ਲੈਣੀਆਂ।

ਰਾਜ ਮੰਤਰੀ : ਬਸ, ਐਨਾ ਹੀ ਕੰਮ ਹੈ?

ਪੀ. ਏ. : ਕੁਝ ਵੀ ਗੱਲ ਨਹੀਂ, ਤੁਸੀਂ ਮੂੰਹ ਜ਼ਬਾਨੀ ਸਭ ਦੀ ਤਸੱਲੀ ਕਰ ਦੇਣੀ।

ਰਾਜ ਮੰਤਰੀ : (ਭਲਵਾਨ ਨੂੰ) ਕਿਤਨੇਂ ਹੈਂ ਡੀਪੂਆਂ ਵਾਲੇ ?

ਭਲਵਾਨ : ਦਸ ਪੰਦਰਾਂ ਨੇ ਜੀ।

ਰਾਜ ਮੰਤਰੀ : ਹੈਂ ! ਐਨੇ ?

ਭਲਵਾਨ : ਜੀ, ਅਸੀਂ ਦੋ ਚਾਰ ਹੀ ਭੁਗਤਾਵਾਂਗੇ, ਬਹੁਤੇ ਕਾਹਲੇ ਕਾਹਲੇ।

ਰਾਜ ਮੰਤਰੀ : ਦੇਖੋ ਭਈ, ਹਰ ਇਕ ਡੀਪੂ ਦਾ ਨੇਤਾ ਸਾਹਮਣੇ ਆਵੇ। ਭੀੜ ਤੋਂ ਮੈਨੂੰ ਘਬਰਾਹਟ ਆਉਂਦੀ ਹੈ। ਹੋਰ ਸੁਣ ਲਓ, ਹਰ ਇਕ ਆਦਮੀ ਦੋ ਚਹੁੰ ਸ਼ਬਦਾਂ ਵਿਚ ਆਪਣੀ ਗੱਲ ਦੱਸੇ।

ਭਲਵਾਨ : ਤੁਸੀਂ ਫਿਕਰ ਨਾ ਕਰੋ ਜੀ ! ਦਸਾਂ ਮਿੰਟਾਂ ਵਿਚ ਸਭ ਭੁਗਤਾ ਦੇਵਾਂਗਾ। ਹਰ ਡਪੂਟੇਸ਼ਨ ਦਾ ਲੀਡਰ ਹੀ ਪੇਸ਼ ਕੀਤਾ ਜਾਵੇਗਾ।(ਇਸ਼ਾਰੇ ਨਾਲ) ਅੱਗੇ ਹੋ ਨਾ ਜਰਾ।

ਰਾਜ ਮੰਤਰੀ : ਤੂੰ ਕੌਣ ਹੈਂ ਭਲੇ ਲੋਕ ?

ਸਰਪੰਚ : ਜੀ, ਮੈਂ ਇਸ ਪਿੰਡ ਦਾ ਸਰਪੰਚ।

ਰਾਜ ਮੰਤਰੀ : ਤੇਰੀ ਕੀ ਸ਼ਿਕਾਇਤ ਹੈ?

ਸਰਪੰਚ : ਸਰਕਾਰ, ਮੇਰੀ ਆਪਣੀ ਕੋਈ ਫ਼ਰਮਾਇਸ਼ ਨਹੀਂ, ਪਿੰਡ ਦੀਆਂ ਕੁਝ ਸਾਂਝੀਆਂ ਮੰਗਾਂ ਨੇ।

ਰਾਜ ਮੰਤਰੀ : ਬਤਜਾ ਕਿਆ ਨੇ ਉਹ ਮੰਗਾਂ ?

ਸਰਪੰਚ : ਜੀ, ਲਿੰਗ ਰੋਡ ਛੇਤੀ ਮੁਕੰਮਲ ਹੋਣੀ ਚਾਹੀਦੀ ਹੈ।

ਰਾਜ ਮੰਤਰੀ : ਇਹ ਲੋੜ ਮੈਂ ਖੁਦ ਅਨੁਭਵ ਕੀਤੀ ਹੈ। ਮੇਰੀਆਂ ਹੁਣ ਤਕ ਵਖੀਆਂ ਦੁਖਦੀਆਂ ਨੇ। ਹੋਰ ?

ਸਰਪੰਚ : ਪਿੰਡ ਵਿਚ ਲੜਕੀਆਂ ਦਾ ਹਾਈ ਸਕੂਲ ਹੋਣਾ ਚਾਹੀਦਾ ਹੈ। ਸਾਡੀਆਂ ਲੜਕੀਆਂ ਨੂੰ ਪਿੰਡੋਂ ਦੂਰ ਜਾਣਾ ਪੈਂਦਾ ਏ।

ਰਾਜ ਮੰਤਰੀ : ਛੇਤੀ ਬਣ ਜਾਵੇਗਾਸ। (ਪੀ. ਏ. ਨੂੰ ) ਲਿਖ ਲੈ ਭਈ।

ਸਰਪੰਚ : ਸਭ ਤੋਂ ਭਾਰੀ ਮੰਗ ਆਖ਼ਰੀ ਹੈ।

ਰਾਜ ਮੰਤਰੀ : ਉਹ ਕਿਆ ਹੈ? ਛੇਤੀ ਬੋਲ।

ਸਰਪੰਚ : ਸਾਡਾ ਨਗਰ ਮਾਡਲ ਗ੍ਰਾਮ ਦੇ ਪ੍ਰੋਗਰਾਮ ਵਿਚ ਸ਼ਾਮਲ ਕੀਤਾ ਜਾਵੇ।

ਰਾਜ ਮੰਤਰੀ : ਅਜੇ ਤੀਕ ਕਿਉਂ ਨਹੀਂ ਹੋਇਆ?

ਸਰਪੰਚ : ਜੀ, ਪਿਛਲੀ ਚੋਣ ਵਿਚ ਸਾਡੇ ਪਿੰਡ ਨੇ ਸਰਕਾਰ ਵਿਰੋਧੀ ਪਾਰਟੀ ਨੂੰ ਵੋਟਾਂ ਪਾਈਆਂ ਸਨ।

ਰਾਜ ਮੰਤਰੀ : ਫੇਰ ਸਗੋਂ ਇਸ ਪਿੰਡ ਵਲ ਜ਼ਿਆਦਾ ਧਿਆਨ ਦੇਣਾ ਚਾਹੀਦਾ ਸੀ, ਲੋਕਾਂਦਾ ਦਿਲ ਜਿੱਤਣ ਲਈ। ਬੜੀ ਮੂਰਖ ਸਰਕਾਰ ਹੈ।

ਪੀ. ਏ. : (ਹੌਲੀ) ਤੁਸੀਂ ਆਪਣੇ ਆਪ ਨੂੰ ਗਾਲ੍ਹਾਂ ਨਾ ਕਢੋ ਜੀ।

ਰਾਜ ਮੰਤਰੀ : ਅੱਛਾ, ਅਗਲਾ ਬੰਦਾ ਸੱਦੋ।

ਹਰੀਜਨ : ਹਾਜ਼ਰ ਹਾਂ ਜੀ।

ਰਾਜ ਮੰਤਰੀ : ਤੂੰ ਕੌਣ ਹੈਂ ਭਾਈ ?

ਹਰੀਜਨ: ਜੀ, ਮੈਂ ਹਰੀਜਨਾਂ ਦਾ ਨੁਮਾਇੰਦਾ।

ਰਾਜ ਮੰਤਰੀ : ਤੁਹਾਡਾ ਤਾਂ ਸਰਕਾਰ ਬਹੁਤ ਧਿਆਨ ਰਖ ਰਹੀ ਹੈ।

ਹਰੀਜਨ : ਪਰ ਜੀ, ਪਿੰਡ ਵਿਚ ਸਾਡੇ ਨਾਲ ਬਹੁਤ ਬੁਰਾ ਸਲੂਕ ਹੁੰਦਾ ਹੈ। ਜੱਟਾਂ ਦੇ ਮੁੰਡੇ ਸਾਡੀਆਂ ਬਹੂ-ਬੇਟੀਆਂ ਦੀ ਬੇਪਤੀ ਕਰਦੇ ਨੇ।

ਰਾਜ ਮੰਤਰੀ : ਦੇਖੋ ਭਈ, ਇਹ ਬਹੁਤ ਨਾਜ਼ਕ ਰਾਜਨੀਤਕ ਮਾਮਲਾ ਹੈ। ਤੁਸੀਂ ਜਲਸੇ ਪਿੱਛੋਂ ਮੈਨੂੰ ਅਲਹਿਦਾ ਮਿਲੋ। ਜ਼ਿਮੀਦਾਰਾਂ ਸਾਹਮਣੇ ਸ਼ਕਾਇਤਾਂ ਮਤ ਕਰੋ। ਸਥਿਤੀ ਹੋਰ ਵਿਗੜ ਜਾਵੇਗੀ।

ਰਾਜ ਮੰਤਰੀ : ਅਗਲਾ ਸ਼ਕਾਇਤੀ ਸੱਦੋ।

ਮੁਟਿਆਰ : ਮੈਂ ਹਾਜ਼ਰ ਹਾਂ ਜੀ।

ਰਾਜ ਮੰਤਰੀ : ਬੀਬੀ, ਤੂੰ ਕੌਣ ਹੈਂ ?

ਮੁਟਿਆਰ : ਮੈਂ ਪਿੰਡ ਦੀਆਂ ਔਰਤਾਂ ਦੀ ਲੀਡਰ।

ਰਾਜ ਮੰਤਰੀ : ਤੂੰ ਤਾਂ ਪੜ੍ਹੀ ਲਿਖੀ ਲਗਦੀ ਹੈਂ ?

ਮਟਿਆਰ : ਜੀ ਹਾਂ, ਮੈਂ ਐਮ. ਏ. ਅੰਗ੍ਰੇਜ਼ੀ ਪਾਸ ਹਾਂ।

ਰਾਜ ਮੰਤਰੀ : ਫੇਰ ਤੇਰੀ ਗੱਲ ਸਾਨੂੰ ਕਿੱਕੇ ਸਮਝ ਆਉਣੀ ਏਂ। ਪੰਜਾਬੀ ਭਾਸ਼ਾ ਵਿਚ ਗੱਲ ਕਰੀਂ।

ਮੁਟਿਆਰ : ਜੀ, ਪਿੰਡਾਂ ਵਿਚ ਔਰਤਾਂ ਨਾਲ ਬਹੁਤ ਬੁਰਾ ਵਰਤਾਓ ਹੁੰਦਾ ਹੈ।

ਰਾਜ ਮੰਤਰੀ : ਹੈਂ! ਇਹ ਕਿਆ ਬਾਤ ਕੀਤੀ? ਕਾਨੂੰਨ ਅਨੁਸਾਰ ਤੁਹਾਨੂੰ ਮਰਦਾਂ ਦੇ ਬਰਾਬਰ ਅਧਿਕਾਰ ਪ੍ਰਾਪਤ ਹਨ। ਜਾਇਦਾਦ ਦੇ ਸੰਬੰਧ ਵਿਚ ਤੁਸੀਂ ਸਗੋਂ ਮਰਦਾਂ ਨਾਲੋਂ ਫ਼ਾਇਦੇ ਵਿਚ ਹੋ।

ਮੁਟਿਆਰ : ਸਭ ਕਾਗਜ਼ੀ ਕਾਰਵਾਈ ਹੈ। ਸਾਡੇ ਮਾਲਕ ਅਜੇ ਵੀ ਸਾਨੂੰ ਜਾਇਦਾਤ ਸਮਝਦੇ ਨੇ। ਸਾਨੂੰ ਕੁੱਟ ਮਾਰ ਵੀ ਲੈਂਦੇ ਨੇ। ਸਾਡੀ ਕੋਈ ਸੁਣਾਈ ਨਹੀਂ। ਸਾਥੋਂ ਬੇਹੱਦ ਕੰਮ ਲੈਂਦੇ ਨੇ।

ਰਾਜ ਮੰਤਰੀ : ਕਿਆ ਉਹ ਤਵੇ ਵਾਲੀ ਬੋਲੀ ਅਜੇ ਵੀ ਸੱਚ ਹੈ — 'ਮਰ ਜਾਏਂ ਤੇਜਾ ਸਿਆਂ, ਸਿਰ ਤੇ ਭਰੀ ਚੁਕਾਈਂ।'

ਮੁਟਿਆਰ : ਬਿਲਕੁਲ ਸੱਚ ਹੈ ਜੀ। ਸਵੇਰ ਉਠ ਕੇ ਅਸੀਂ ਧਾਰਾਂ ਚੋਂਦੀਆਂ, ਬੱਚੇ ਸਾਂਭਦੀਆਂ, ਫੇਰ ਸ਼ਾਹ ਵੇਲਾ ਪਕਾ ਕੇ ਖੇਤਾਂ ਵਿਚ ਪਹੁੰਚਾਉਂਦੀਆਂ ਹਾਂ। ਇੰਨੀ ਦੇਰ ਨੂੰ ਦੁਪਹਿਰ ਦੀ ਰੋਟੀ ਦਾ ਵੇਲਾ ਹੋ ਜਾਂਦਾ ਏ। ਤੀਜੀ

ਦਫ਼ਾ ਲੌਂਢਾ ਵੇਲਾ ਲੈ ਕੇ ਜਾਣਾ ਪੈਂਦਾ ਏ। ਫੇਰ ਰਾਤ ਦੀ ਰੋਟੀ ਦਾ ਵਕਤ ਹੋ ਜਾਂਦਾ ਏ। ਫੇਰ ਰੋਟੀਖਾ ਕੇ ਕਹਿੰਦੇ ਨੇ ਅਸੀਂ ਥਕ ਗਏ ਆਂ। ਸਾਡੀਆਂ ਲੱਤਾਂ ਘੁੱਟੋ।

ਰਾਜ ਮੰਤਰੀ : ਇਹ ਤਾਂ ਵਾਕਿਆ ਈ ਬਹੁਤ ਬੁਰੀ ਬਾਤ ਹੈ। ਪਰ ਬੀਬਾ, ਮਾਮਲਾ ਬਹੁਤ ਨਾਜ਼ਕ ਹੈ। ਸਰਕਾਰ ਦੀ ਦਖਲ ਅੰਦਾਜ਼ੀ ਠੀਕ ਨਹੀਂ ਹੋਵੇਗੀ। ਤੁਹਾਨੂੰ ਖ਼ੁਦ ਦਲੇਰ ਤੇ ਤਕੜੇ ਹੋਣਾ ਪਵੇਗਾ।

ਮੁਟਿਆਰ : ਸਿਰਫ ਸਰਕਾਰ ਦੇ ਕੰਨਾਂ ਤਕ ਇਹ ਗੱਲ ਪੁਚਾਣੀ ਸੀ। ਅਸੀਂ ਮੁਹਿੰਮ ਸ਼ੁਰੂ ਕਰਨ ਹੀ ਵਾਲੀਆਂ ਹਾਂ। ਅਸੀਂ ਔਰਤਾਂ ਦੀ ਯੂਨੀਅਨ ਬਣਾ ਲਈ ਹੈ।

ਰਾਜ ਮੰਤਰੀ : ਹੈਂ! ਸਚ ਮੁਚ?

ਮੁਟਿਆਰ : ਹਾਂ!

ਰਾਜ ਮੰਤਰੀ : ਨਾਮ ਕਿਆ ਰਖਿਆ ਹੈ?

ਮੁਟਿਆਰ : "ਨਾ-ਰੋਟੀ-ਪਕਾਓ-ਨਾਬੱਚੇ ਜਮਾਓ ਇਸਤਰੀ ਯੂਨੀਅਨ"।

ਰਾਜ ਮੰਤਰੀ : ਐਡਾ ਲੰਮਾ ਨਾਮ? ਬੜੀ ਖ਼ਤਰਨਾਕ ਅਰ ਭਿਆਨਕ ਮੁਹਿੰਮ ਹੈ। ਬੀਬਾ, ਮੈਂ ਸਲਾਹ ਦੇਵਾਂਗਾ, ਤੁਸੀਂ ਅਜੇ ਕੋਈ ਕਾਰਵਾਈ ਨਾ ਕਰਨੀ। ਇਹ ਅਤੀ ਨਾਜ਼ਕ ਮਾਮਲਾ ਹੈ, ਸਾਰੇ ਦੇਸ਼ ਦਾ ਕੰਮ ਠੱਪ ਹੋ ਜਾਵੇਗਾ। ਮੈਂ ਇਸ ਪ੍ਰਸ਼ਨ ਨੂੰ ਅਸੰਬਲੀ ਵਿਚ ਪੇਸ਼ ਕਰਾਂਗਾ।

ਮੁਟਿਆਰ : ਆਹ ਲਵ ਯਾਦ-ਪੱਤਰ। ਅਸੀਂ ਇਕ ਮਹੀਨੇ ਦੀ ਮੋਹਲਤ ਦੇਂਦੀਆਂ ਹਾਂ।

ਰਾਜ ਮੰਤਰੀ : ਬਸ ਬਸ, ਇਕ ਮਹੀਨਾ ਬਹੁਤ ਹੈ। ਜ਼ਰੂਰ ਬਿਲ ਪਾਸ ਹੋ ਜਾਵੇਗਾ, ਪਰ ਜੇ ਅਸੰਬਲੀ ਜੁੜੀ ਤਾਂ।

ਮੁਟਿਆਰ : ਅਸੀਂ ਇਕ ਮਹੀਨੇ ਤੋਂ ਬਾਅਦ ਫ਼ੌਰਨ ਸਤਿਆਗ੍ਰਹਿ ਸ਼ੁਰੂ ਕਰ ਦਿਆਂਗੀਆਂ।

ਰਾਜ ਮੰਤਰੀ : ਜ਼ਰਾ ਠਹਿਰਨਾ। ਤੁਹਾਡੇ ਇਸਤਰੀ ਸੰਘ ਦੇ ਨਾਮ ਦਾ ਪਿਛਲਾ ਭਾਗ ਖ਼ਾਸ ਧਿਆਨ ਯੋਗ ਹੈ। "ਨਾ ਬੱਚੇ ਪੈਦਾ ਕਰੋ ਇਸਤਰੀ ਯੂਨੀਅਨ" ਵਾਹ ਵਾਹ! ਕਿਆ ਖ਼ੂਬ! ਮੈਂ ਕੱਲ੍ਹ ਹੀ ਸੰਾਨ ਸੰਜਮ ਦੇ ਮੰਤਰੀ ਨੂੰ ਦਸ ਪਾਵਾਂਗਾ। ਮੈਨੂੰ ਵਿਸ਼ਵਾਸ ਹੈ ਕਿ ਉਹ ਤੁਹਾਡਾ ਝੰਡਾ ਚੁੱਕ ਕੇ ਅੱਗੇ ਅੱਗੇ ਤੁਰੇਗਾ।

ਭਲਵਾਨ : ਸਰਕਾਰ, ਇਕ ਮੁੰਡਾ ਤੁਹਾਨੂੰ ਮਿਲਣ ਲਈ ਜ਼ਿੱਦ ਕਰ ਰਿਹੈ।

ਰਾਜ ਮੰਤਰੀ : ਕੌਣ ਹੈ? ਕਿਆ ਚਾਹੁੰਦਾ ਹੈ?

ਭਲਵਾਨ : ਕਹਿੰਦਾ ਹੈ ਜੀ, ਮੈਂ ਰਾਜ ਮੰਤਰੀ ਦਾ ਸਕਾ ਭਾਣਜਾ ਹਾਂ।

ਰਾਜ ਮੰਤਰੀ : ਮੇਰੀ ਭੈਣ ਦਾ ਲੜਕਾ? ਉਸ ਨੂੰ ਕਿਸ ਨੇ ਰੋਕਿਆ ਹੈ! ਝਟ ਪਟ ਆਉਦ ਦਿਓ।

[ਮੁੰਡਾ ਨੱਸਾ ਨੱਸਾ ਆਉਂਦਾ ਹੈ ਅਤੇ ਰਾਜ ਮੰਤਰੀ ਦੇ ਗਲ ਨੂੰ ਚੰਮੜ ਜਾਂਦਾ ਹੈ।]

ਰਾਜ ਮੰਤਰੀ : ਓਇ ਛੱਡ ਤਾਂ ਸਹੀ।

ਮੁੰਡਾ : ਮਾਮਾ ਜੀ, ਮਾਮਾ ਜੀ, ਮਾਂ ਕਹਿੰਦੀ ਹੈ ਤੁਸੀਂ ਵਜ਼ੀਰਜ ਬਣ ਗਏ ਓ।

ਰਾਜ ਮੰਤਰੀ : ਇਸ ਵਿਚ ਕੋਈ ਸ਼ੰਕਾ ਹੈ।

ਮੁੰਡਾ : ਮਾਂ ਕਹਿੰਦੀ ਹੈ, ਮਾਮਾ ਜੀ ਨੂੰ ਕਹੁ ਸਾਡਾ ਖ਼ਾਸ ਧਿਆਨ ਰਖੇ। ਸਾਡੀ ਹਾਲਤ ਬਹੁਤ ਪਤਲੀ ਆ। ਸਾਡੇ ਨਾਂ ਕੋਈ ਜਾਗੀਰ ਲਾ ਦੇਵੋ।

ਰਾਜ ਮੰਤਰੀ : ਮੂਰਖਾ, ਹੌਲੀ ਗੱਲ ਕਰ। ਅਸੀਂ ਲੋਕ ਅਗੇ ਹੀ ਬਹੁਤ ਬਦਨਾਮ ਹਾਂ

ਮੁੰਡਾ : ਮਾਂ ਕਹਿੰਦੀ ਸੀ .. ....।

ਰਾਜ ਮੰਤਰੀ : (ਉਸ ਦੇ ਮੂੰਹ ਤੇ ਹੱਥ ਰਖ ਕੇ) ਚੁੱਪ, ਮੈਨੂੰ ਕੁਰਸੀ ਤ ਚੰਗੀ ਤਰ੍ਹਾਂ ਟਿਕ ਲੈਣ ਦਿਓ, ਸਭ ਦਲਿੱਦਰ ਦੂਰ ਕਰ ਦੇਵਾਂਗਾ। ਜਾਹ, ਭੈਣ ਨੂੰ ਕਹਿ ਦੇਵੀਂ, ਛੇਤੀ ਕੋਈ ਪਰਮਿੱਟ ਜਾਂ ਬਸ ਰੂਟ ਲੈ ਦਿਆਂਗਾ ਮੌਜਾਂ ਕਰਿਓ। (ਬੱਚੇ ਨੂੰ ਪਿਆਰ ਨਾਲ ਪੁਚਕਾਰਦਾ ਹੋਇਆ ਪੀ. ਏ. ਨੂੰ) ਇਹਨੂੰ ਕੁਛ ਮਾਇਆ ਦੇ ਦੇ।

ਭਲਵਾਨ : ਅਗਲਾ ਬੰਦਾ ਸੱਦੋ ਜਲਦੀ।

[ਇਕ ਨੌਜਵਾਨ ਘੂਰੀ ਵੱਟੀ ਅਗੇ ਆਉਂਦਾ ਹੈ। ]

ਰਾਜ ਮੰਤਰੀ : (ਝੇਪ ਕੇ) ਨੌਜਵਾਨ, ਤੂੰ ਕੌਣ ਹੈਂ?

ਨੌਜਵਾਨ : ਮੈਂ ਇਲਾਕੇ ਦੇ ਬੇ-ਰੁਜ਼ਗਾਰ ਨੌਜਵਾਨਾ ਦਾ ਲੀਡਰ ਹਾਂ।

ਰਾਜ ਮੰਤਰੀ : ਤੁਹਾਡੀਆਂ ਕਿਆ ਮੰਗਾਂ ਹਨ?

ਨੌਜਵਾਨ: ਸਾਨੂੰ ਛੇਤੀ ਤੋਂ ਛੇਤੀ ਕੰਮ ਮਿਲਣਾ ਚਾਹੀਦਾ ਹੈ। ਅਸੀਂ ਇੱਜ਼ਤ ਨਾਲ ਰੋਟੀ ਕਮਾਉਣਾ ਚਾਹੁੰਦੇ ਹਾਂ।

ਰਾਜ ਮੰਤਰੀ : ਸਭ ਨੂੰ ਕੰਮ ਮਿਲੇਗਾ। ਨੋਜਵਾਨਾਂ ਨੂੰ ਆਹਰ ਨਾ ਲਾਵਾਂਗੇ ਤਾਂ ਅਸੀਂ ਕੁਰਸੀਆਂ ਤੇ ਕੇਸੇ ਬੈਠੇ ਰਹਿ ਸਕਦੇ ਹਾਂ।

ਨੌਜਵਾਨ : ਸਾਡੇ ਸਬਰ ਦਾ ਪਿਆਲਾ ਨੱਕੋ ਨੱਦ ਭਰ ਚੁੰਕਾ ਮ। ਬਹੁਤ ਸਾਰੇ ਸਾਡੇ ਵਿਚੋਂ ਪੜ੍ਹੇ ਹੋਏ ਨੇ।ਅਸੀਂ ਤੰਦਰੁਸਤ ਹਾਂ, ਜਾਨ ਤੋੜ ਕੇ ਕੰਮ ਕਰਨ ਦੇ ਖ਼ਾਹਸ਼ਮੰਦ ਹਾਂ। ਸਾਨੂੰ ਕੋਈ ਕੰਮ ਨਹੀਂ ਮਿਲ ਰਿਹਾ।

ਰਾਜ ਮੰਤਰੀ : ਤੁਹਾਡੀਆਂ ਜਾਇਜ਼ ਮੰਗਾਂ ਤੇ ਫ਼ੌਰਨ ਗ਼ੌਰ ਹੋਵੇਗਾ।

ਨੌਜਵਾਨ : ਅਸੀਂ ਬਹੁਤ ਲਾਰੇ ਸੁਣ ਚੁੱਕੇ ਹਾਂ।

ਰਾਜ ਮੰਤਰੀ : ਬਰਖ਼ੁਰਦਾਰ, ਸਰਕਾਰਾਂ ਆਮ ਤੌਰ ਤੇ ਲਾਰਿਆਂ ਆਸਰੇ ਹੀ ਚਲਦੀਆਂ ਨੇ। ਪਰ ਵਰਤਮਾਨ ਸਰਕਾਰ ਬਹੁਤ ਅਮਲੀ ਤੇ ਤਜਰਬਾਕਾਰ ਹੈ। ਜਨਤਾ ਦਾ ਦਿਲੋਂ ਭਲਾ ਕਰਨਾ ਚਾਹੁੰਦੀ ਹੈ।

ਨੌਜਵਾਨ: ਜੇ ਤੁਸੀਂ ਛੇਤੀ ਕੁਈ ਕਦਮ ਨਾ ਚੁੱਕਿਆ ਤਾਂ ਬਗ਼ਾਵਤ ਹੋ ਜਾਵੇਗੀ। ਹਣੇ ਸਾਡੇ ਨਾਲ ਕੋਈ ਪੱਕਾ ਵਾਇਦਾ ਕਰੋ।

ਰਾਜ ਮੰਤਰੀ : ਜੇ ਨਾਕਰ ਸਕਾਂ ਤਾਂ?

ਨੌਜਵਾਨ : ਤਾਂ ਅਸੀਂ ਹੁਣੇ ਤੁਹਾਡਾ ਘੇਰਾਓ ਕਰਾਂਗੇ।

ਰਾਜ ਮੰਤਰੀ : (ਲਾਜੋ ਵਲ ਦੇਖਦਾ ਹੋਇਆ) ਸਾਡਾ ਸਭ ਦਾ?

ਨੌਜਵਾਨ : ਨਹੀਂ, ਸਿਰਫ਼ ਤੁਹਾਡੇ ਇਕੱਲਿਆਂ ਦਾ। ਅਸੀਂ ਜਲਸਾ ਬੰਦ ਕਰ ਦਿਆਂਗੇ। ਤੰਬੂ ਉਖਾੜ ਦਿਆਂਗੇ। ਹਨੇਰੀ ਲੈ ਆਵਾਂਗੇ।

ਰਾਜ ਮੰਤਰੀ : (ਹੌਲੀ) ਹੁਣ ਕੀ ਕੀਤਾ ਜਾਵੇ ?

ਪੀ. ਏ. : ਤੁਸੀਂ ਬਹੁਤ ਹਲੀਮੀ ਨਾਲ ਗੱਲ ਕਰੋ, ਵਰਨਾ ਮਾਮਲਾ ਵਿਗੜ ਜਾਏਗਾ।

ਰਾਜ ਮੰਤਰੀ : ਬਰਖ਼ੁਰਦਾਰੋ, ਮੈਨੂੰ ਤੁਹਾਡੇ ਜਜ਼ਬਿਆਂ ਦੀ ਪੂਰੀ ਕਦਰ ਹੈ। ਤੁਹਾਨੂੰ ਬਸ ਹੋਰ ਨਿਰਾਸ ਨਹੀਂ ਹੋਣ ਦਿੱਤਾ ਜਾਵੇਗਾ। ਤੁਸੀਂ ਕੱਲ੍ਹ ਹੀ ਮੈਨੂੰ ਚੰਡੀਗੜ੍ਹ ਮਿਲੋ। ਮੈਂ ਤੁਹਾਨੂੰ ਮੁਖ ਮੰਤਰੀ ਨਾਲ ਮਿਲਾਵਾਂਗਾ। ਅਸੀਂ ਆਪਣੇ ਗੱਭਰੂਆਂ ਦੀ ਸ਼ਕਤੀ ਗ਼ਲਤ ਪਾਸੇ ਨਹੀਂ ਜਾਣ ਦੇਣਾ ਚਾਹੁੰਦੇ। ਤੁਹਾਡੀਆਂ ਮੰਗਾਂ ਹੱਕੀ ਹਨ। ਫ਼ੌਰਨ ਅਮਲ ਹੋਵੇਗਾ।

ਨੌਜਵਾਨ : ਸ਼ੁਕਰੀਆ।

ਰਾਜ ਮੰਤਰੀ: ਹੋਰ ਕਿੰਨੇ ਕੁ ਨੇ?

ਪੀ. ਏ. : ਅਜੇ ਤਾਂ ਜੀ ਦਸ ਬਾਰਾਂ ਵਫ਼ਦ ਖੜੇ ਨੇ।

ਰਾਜ ਮੰਤਰੀ : ਏਸ ਨੌਜਵਾਨ ਦੀਆਂ ਗੱਲਾਂ ਸੁਣ ਕੇ ਮੇਰਾ ਦਿਲ ਦ੍ਬ ਗਿਆ ਹੈ।

ਮਂ ਹੋਰ ਕੁਛ ਨਹੀਂ ਸੁਣ ਸਕਦਾ।

ਭਲਵਾਨ : ਸਰਕਾਰ, ਓਧਰ ਜਨਤਾ ਵੀ ਬੇਸਬਰ ਹੋ ਚੁੱਕੀ ਏ।

[ਪੰਡਾਲ ਵਿਚ ਉੱਚੀ ਉੱਚੀ ਨਾਹਰੇ ਲਗਦੇ ਹਨ। ]

ਰਾਜ ਮੰਤਰੀ : (ਡਰ ਕੇ) ਇਹ ਕਿਆ ਹੈ?

ਭਲਵਾਨ : ਰਾਜ ਮੰਤਰੀ ਜੀ, ਪੰਡਾਲ ਵਿਚ ਖਪ ਪੈਣ ਦੀ ਹਾਲਤ ਪੈਦਾ ਹੋ ਗਈ ਏ: ਲੋਕੀਂ ਇੰਤਜ਼ਾਰ ਕਰ ਕਰਕੇ ਅੱਕ ਗਏ ਨੇ। ਜੇ ਤੁਸਾਂ ਇਕ ਦੋ ਮਿੰਟਾਂ ਵਿਚ ਦਰਸ਼ਨ ਨਾ ਦਿਤੇ ਤਾਂ ਜਨਤਾ ਬੇ-ਕਾਬੂ ਹੋ ਜਾਵੇਗੀ।

ਰਾਜ ਮੰਤਰੀ : ਕੋਈ ਖ਼ਤਰਾ ਤਾਂ ਨਹੀਂ।

ਭਲਵਾਨ : ਬਿਲਕੁਲ ਨਹੀਂ, ਮੈਂ ਜੋ ਤੁਹਾਡੇ ਨਾਲ ਹਾਂ। ਤੁਹਾਡੀ ਛਾ ਵਲ ਵੀ ਕੋਈ ਝਾਕ ਨਹੀਂ ਸਕਦਾ।

ਰਾਜ ਮੰਤਰੀ: ਚਲੋ ਫੇਰ (ਲਾਜੋ ਨੂੰ) ਆਓ ਜੀ।

[ਛੇਤੀ ਛੇਤੀ ਜਾਂਦੇ ਹਨ। ਪੰਡਾਲ ਵਿਚ ਉੱਚੀ ਉੱਚੀ ਨਾਹਰੇ ਵੱਜਦੇ ਹਨ। "ਭ੍ਰਿਸ਼ਟਾਚਾਰ, ਦੂਰ ਕਰੋ। ਰਾਜ ਮੰਤਰੀ ਰਿਸ਼ਵਤ ਖੋਰੀ, ਬੰਦ ਕਰੋ। ਕੁੰਬਾਂ ਪਰਵਰੀ, ਹਟਾਓ।" ਲਾਜੋ ਦਾ ਹੱਥ ਫੜ ਕੇ ਉਸ ਵਲ ਦੇਖ ਕੇ ਮੁਸਕ੍ਰਾਂਦਾ ਹੈ। ]

ਤਖ਼ਤਪੋਸ਼ ਉਤੇ ਸੁਬੱਤੇ ਪਏਮਨੁੱਖ ਦੀ ਆਵਾਜ਼: ਘੁਟ ਕੇ ਕੁੰਜੀ ਪਾ ਲੈ, ਫੇਰ ਕੋਈ ਡਰ ਨਹੀਂ, ਸਭ ਭੌਜਲ ਤਰ ਜਾਵਾਂਗੇ।

ਹਨੇਰਾ

ਕੁਝ ਪਲਾਂ ਪਿਛੋਂ ਕੁੱਕੜ ਦੀ ਬਾਂਗ ਸੁਣਾਈ ਦਿੰਦੀ ਹੈ। ਦੂਰ ਕਿਸੇ ਪਿੰਡ ਵਿਚ ਲਾਊਡ ਸਪੀਕਰ ਰਾਹੀਂ ਪਾਠ ਵੀ ਸੁਣਾਈ ਦਿੰਦਾ ਹੈ। ਜੇਦੁੱਧ ਰਿੜਕਣ ਦੀ ਆਵਾਜ਼ ਜਾਂ ਪੈਲੀਆਂ ਨੂੰ ਜਾਂਦੇ ਟਰੈਕਟਰ ਜਾਂ ਬੌਲਦਾ ਦੇ ਘੁੰਗਰੂਆਂ ਦੀ ਖੜਕਾਰ ਸੁਣਾਈ ਦੇ ਸਕੇ ਤਾਂ ਹੋਰ ਵੀ ਚੰਗਾ ਹੈ।

ਸਪਾਟ ਰੋਸ਼ਨੀ ਵਿਚ ਮੰਚ ਉੱਤੇ ਇਕ ਮੇਜ਼ ਅਤੇ ਛੇ ਕੁਰਸੀਆਂ ਦਿਖਾਈ ਦਿੰਦੀਆਂ ਹਨ।

ਰਾਜ ਮਤਰੀ ਛੇਤੀ ਛੇਤੀ ਆਉਂਦਾ ਹੈ। ਭਲਵਾਨ, ਜ਼ੈਲਦਾਰ ਤੇ ਹੋਰ ਕਈ ਚੌਧਰੀ ਰਾਜ ਮੰਤਰੀ ਦੇ ਗਲ ਵਿਚ ਹਾਰ ਪਾਂਦੇ ਹਨ। ਇਕ ਮੁੰਡਾ ਬੜੀ ਹੁਸ਼ਿਆਰੀ ਨਾਲ ਗਲ ਵਿਚ ਟੁੱਟੀਆਂ ਜੁੱਤੀਆਂ ਦੀ ਮਾਲਾ ਵੀ ਪਾ ਜਾਂਦਾ ਹੈ। ਕੈਮਰਾ ਮੈਨ ਫੋਟੋ ਲੈਂਦਾ ਹੈ।

ਮੰਚ ਤੇ ਮੰਤਰੀ ਦੇ ਖੱਬੇ ਪਾਸੇ ਲਾਜਵੰਤੀ ਅਤੇ ਸੱਜੇ ਹੱਥ ਭਲਵਾਨ ਬੈਠਦਾ ਹੈ, ਭਲਵਾਨ ਲਾਗੇ ਜ਼ੈਲਦਾਰ ਅਤੇ ਦੂਜੇ ਪਾਸੇ ਸੁੱਚਾ ਸਿੰਘ ਹੈ। ਰਾਜ ਮੰਤਰੀ ਦਾ ਪੀ. ਏ. ਉਸ ਦੇ ਪਿਛੇ ਬੜੀ ਚੇਤਨਤਾ ਨਾਲ ਬੈਠਾ ਹੈ।

ਆਲ ਇੰਡੀਆ ਰੇਡੀਓ ਦਾ ਕਰਮਚਾਰੀ ਛੇਤੀ ਛੇਤੀ ਮਾਈਕ ਅੱਗੇ ਕਰਦਾ ਹੈ। ਭਲਵਾਨ ਜੋ ਅੱਜ ਦੇ ਸਮਾਗਮ ਦਾ ਮੁੱਖ ਪ੍ਰਬੰਧਕ ਹੈ ਮੰਚ ਸਕੱਤਰ ਦੇ ਰੂਪ ਵਿਚ ਸਪੀਕਰ ਅਗੇ ਖੜਾ ਹੁੰਦਾ ਹੈ।

ਮੰਚ ਸਕੱਤਰ : ਪਰਮ ਪੂਜਯ ਸਤਿਕਾਰਯੋਗ ਰਾਜ ਮੰਤਰੀ ਜੀਓ, ਮੈਂ ਨਗਰ ਵਾਸੀਆਂ ਵਲੋਂ ਦੋਵੇਂ ਹੱਥ ਜੋੜ ਕੇ ਆਪ ਜੀ ਨੂੰ ਜੀ ਆਇਆਂ ਕਹਿੰਦਾ ਹਾਂ।

[ਰਾਜ ਮੰਤਰੀ ਬੜੀ ਪ੍ਰਸੰਨਤਾ ਨਾਲ ਸਿਰ ਝੁਕਾਂਦਾ ਹੈ। ਲੋਕ ਤਾਲੀਆਂ ਵਜਾਂਦੇ ਹਨ। ਮੁੰਡਿਆਂ ਦਾ ਇਕ ਬਾਗੀ ਟੋਲਾ ਉੱਚੀ ਉੱਚੀ ਹੱਸਦਾ ਹੈ। ਪੀ. ਏ. ਤਾੜ ਜਾਂਦਾ ਹੈ। ਉਹ ਮੰਤਰੀ ਗਲੋਂ ਮਾਲਾ ਲਾਹ ਲੈਂਦਾ ਹੈ। ]

ਮਚ ਸਕੱਤਰ : ਅਸੀਂ ਅੱਜ ਦਾ ਪਵਿੱਤਰ ਜਲਸਾ ਇਕ ਪੰਜਾਬੀ ਗੀਤ ਨਾਲ ਅਰੰਭ ਕਰਦੇ ਹਾਂ। ਪਿੰਡ ਦੇ ਸਕੂਲ ਦੀਆਂ ਬੀਬੀਆਂ ਹੁਣੇ ਤੁਹਾਡੇ ਸਾਮਣੇ ਇਕ ਅਤੀ ਸੁਰੀਲਾ ਅਰ ਵੇਲੇ ਨਾਲ ਢੁਕਦਾ ਗੀਤ ਰਖਣਗੀਆਂ।

ਰਾਜ ਮੰਤਰੀ: (ਲਾਜੋ ਨੂੰ) ਅੱਛਾ, ਇਹ ਤੁਹਾਡੇ ਸ਼ਾਨਦਾਰ ਸਕੂਲ ਦੀਆਂ ਲੜਕੀਆਂ ਹੈਨ?

ਲਾਜੋ : ਜੀ ਹਾਂ, ਆਪ ਦੇ ਸਵਾਗਤ ਲਈ ਉਚੇਚਾ ਗੀਤ ਤਿਆਰ ਕਰਵਾਇਆ ਹੈ।

ਮੰਚ ਸਕੱਤਰ : ਸੱਜਣੋ, ਤੁਸੀਂ ਸੁਣ ਕੇ ਖ਼ੁਸ਼ ਹੋਵੋਗੇ ਕਿ ਇਹ ਗੀਤ ਸਕੂਲ ਦੀ ਮੁਖ-ਅਧਿਆਪਕਾ ਬੀਬੀ ਲਾਜਵੰਤੀ ਜੀ ਦਾ ਤਿਆਰ ਕਰਵਾਇਆ ਹੋਇਆ ਹੈ।

ਰਾਜ ਮੰਤਰੀ : (ਉਸ ਵਲ ਦੇਖ ਕੇ ਤਾਲੀ ਵਜਾਉਂਦਾ ਹੋਇਆ) ਤੁਸੀਂ ਆਪ ਵੀ ਗਾ ਲੈਂਦੇ ਓ?

ਲਾਜੋ : ਜੀ, ਮੈਂ ਸੰਗੀਤ ਦੀ ਪ੍ਰਵੀਨ ਪਾਸ ਹਾਂ।

ਰਾਜ ਮੰਤਰੀ : ਫਿਰ ਤਾਂ ਜ਼ਿੰਦਗੀ ਰਾਗ-ਮਈ ਬਣ ਜਾਵੇਗੀ।

ਸਕੱਤਰ :ਬੀਬੀਓ, ਇਕ ਮਿੰਟ ਰੁਕ ਜਾਓ। ਸੱਜਣੋਂ, ਮੈਂ ਮਾਨਯੋਗ ਰਾਜ ਮੰਤਰੀ ਜੀ ਨੂੰ ਦੱਸਣਾ ਭੁੱਲ ਗਿਆ ਹਾਂ, ਗਾਇਆ ਜਾ ਰਿਹਾ ਗੀਤ ਮੋਹਨ ਸਿੰਘ ਮਾਹਰ ਦਾ ਲਿਖਿਆ ਹੋਇਆ ਹੈ।

ਰਾਜ ਮੰਤਰੀ : ਇਹ ਮੋਹਨ ਸਿੰਘ ਕੌਣ ਹੈ।

ਲਾਜੋ : (ਹੈਰਾਨੀ ਨਾਲ) ਤੁਸੀਂ ਨਹੀਂ ਜਾਣਦੇ? ਪੰਜਾਬੀ ਦਾ ਇਕ ਪ੍ਰਸਿੰਧ ਕਵੀ।

ਰਾਜ ਮੰਤਰੀ : ਮੈਂ ਅੰਗਰੇਜ਼ੀ ਅਰ ਪੰਜਾਬੀ ਘਟ ਜਾਣਦਾ ਹਾਂ, ਉਰਦੂ ਤੇ ਸ਼ਾਸਤਰੀ ਦੇ ਅੱਖਰ ਉਠਾਲ ਲੈਂਦਾ ਹਾਂ।

ਲਾਜੋ : ਸ਼ੇਰ ਅਕਬਰ ਤੇ ਰਣਜੀਤ ਸਿੰਘ ਵੀ ਤਾਂ ਅਨਪੜ੍ਹ ਹੀ ਸਨ।

ਰਾਜ ਮੰਤਰੀ: ਤੁਸੀਂ ਬਹੁਤ ਹੀ ਇੱਜ਼ਤ ਬਖ਼ਸ਼ ਰਹੇ ਹੋ।

ਲੜਕੀਆਂ : (ਰਲ ਕੇ ਗਾਂਦੀਆਂ ਹੋਈਆਂ)

ਨੀ ਅੱਜ ਕੋਈ ਆਇਆ ਸਾਡੇ ਵਿਹੜੇ<br>
ਤੱਕਣ ਚੰਨ ਸੂਰਜ ਢੁਕ ਢੁਕ ਨੇੜੇ<br>
ਲੱਸੇ ਨੀ ਉਹਦਾ ਮੱਥਾ ਤਾਰਿਆਂ ਵਾਂਗੂੰ,<br>
ਆਇਆ ਨੀ ਸ਼ੌਰੇ ਅੰਬਰ ਘੁੰਮ ਘੁੰਮ ਕਿਹੜੇ<br>
ਆਇਆ ਨੀ ਲੱਖ ਨਾਲ ਬਹਾਰਾਂ ਲੈ ਕੇ,<br>
ਭਰੇ ਸੂ ਸਾਡੇ ਅੰਗ ਅੰਗ ਦੇ ਵਿਚ ਖੇੜੇ।

ਰਾਜ ਮੰਤਰੀ : (ਝੂੰਮਦਾ ਹੋਇਆ) ਵਾਹ, ਵਾਹ! ਗੀਤ ਦੀ ਚੋਣ ਬਹੁਤ ਉਮਦਾ ਹੈ।

ਲਾਜੋ: ਜੇ ਵਕਤ ਹੋਇਆ ਤਾਂ ਇਸ ਤੋਂ ਵੀ ਵਧੀਆ ਗੀਤ ਮੈਂ ਖ਼ੁਦ ਸੁਣਾਵਾਂਗੀ।

ਰਾਜ ਮੰਤਰੀ: (ਉੱਚੀ ਉੱਚੀ) ਵਾਹ, ਵਾਹ! ਕਿਆ ਖ਼ੂਬ!!

[ਲੋਕ ਸਮਝਦੇ ਹਨ ਕਿ ਗੀਤ ਦਤੀ ਧੁੰਨ ਨੇ ਮੰਤਰੀ ਨੂੰ ਵਿਸਮਾਦ ਵਿਚ ਲੈ ਆਂਦਾ ਹੈ। ਸਾਰੇ ਤਾੜੀਆਂ ਮਾਰਦੇ ਹਨ, ਗੀਤ ਕਟਿਆ ਜਾਂਦਾ ਹੈ।

ਰਾਜ ਮੰਤਰੀ : (ਪੀ. ਏ. ਨੂੰ) ਝਟ ਪਟ ਸੌ ਰੁਪਏ ਦਾ ਨੋਟ ਕੱਢ।

ਸਕੱਤਰ : (ਛੇਤੀ ਛੇਤੀ ਜੇਬ ਫਰੋਲਦਾ ਹੋਇਆ) ਜੀ, ਥੈਲਾ ਤਾਂ ਡੇਰੇ ਭੁੱਲ ਗਿਆ।

ਰਾਜ ਮੰਤਰੀ : (ਲਾਜੋ ਨੂੰ) ਸੌ ਦਾ ਨੋਟ ਉਧਾਰਾ ਦਿਓ ਜੀ।

ਲਾਜੋ : (ਝਟ ਪਟ ਪਰਸ ਵਿਚੋਂ ਕੱਢ ਕੇ) ਆ ਲਓ ਜੀ।

ਰਾਜ ਮੰਤਰੀ : (ਸਕੱਤਰ ਹੱਥ ਫੜਾਉਂਦਾ ਹੋਇਆ) ਮੇਰੇ ਵਲੋਂ ਲੜਕੀਆਂ ਨੂੰ ਇਨਾਮ। ਜ਼ਰਾ ਚੰਗੀ ਤਰ੍ਹਾਂ ਐਲਾਨ ਕਰਨਾ।

ਸਕੱਤਰ : ਮਾਨਯੋਗ ਰਾਜ ਮੰਤਰੀ ਜੀ ਜੋ ਰਾਗ ਵਿਦਿਆ ਦੇ ਮੰਨੇ ਪਰਮੰਨੇ ਕਦਰਦਾਨ ਹਨ, ਬੜੀ ਪ੍ਰਸੰਨਤਾ ਨਾਲ ਸਕੂਲ ਦੀਆਂ ਵਿਦਿਆਰਥਣਾਂ ਨੂੰ 1✦1 ਰੁਪਇਆ ਨਕਦ ਇਨਾਮ ਦੇਂਦੇ ਹਨ। ਗੁਰੂ ਇਨ੍ਹਾਂ ਦੀ ਨੇਕ ਕਮਾਈ ਵਿਚ ਵਾਧਾ ਕਰੇ।

ਬਾਗ਼ੀ ਆਵਾਜ਼ : (ਤਾਲੀਆਂ ਦੀ ਗੂੰਜ ਵਿਚੋਂ) ਸੌ ਰੁਪਿਆ ਉਧਾਰਾ ਮੰਗਿਆ ਹੋਇਆ ਹੈ।

ਦੂਜੀ ਆਵਾਜ਼ : ਇਕ ਰਪਿਆ ਸਕੱਤਰ ਨੇ ਕੋਲੋਂ ਪਾਇਆ ਹੈ।

ਰਾਜ ਮੰਤਰੀ : ਪ੍ਰੋਗਰਾਮ ਜਲਦੀ ਜਲਦੀ ਚਲਾਓ, ਵਕਫ਼ਾ ਮਤ ਦਿਓ।

ਜ਼ੈਲਦਾਰ : ਹੁਣ ਸਵਾਗਤੀ ਕਮੇਟੀ ਦੇ ਪ੍ਰਧਾਨ ਸ. ਮਿੱਤ ਸਿੰਘ ਉਰਫ ਭਲਵਾਨ, ਜੋ ਮੰਚ ਸਕੱਤਰ ਔਰ ਮੁਖ ਪ੍ਰਬੰਧਕ ਵੀ ਹਨ, ਪੂਜਯ ਮੁਖ ਮਹਿਮਾਨ ਨੂੰ ਬਾਕਾਇਦਾ ਜੀ ਆਇਆ ਕਹਿਣਗੇ।

ਭਲਵਾਨ : ਸੱਜਦੋਂ ਤੇ ਸੱਜਣੀਓ, ਸਾਡੇ ਪਿੰਡ ਦੇ ਦੁਰ ਭਾਗ ਹਨ (ਰੌਲਾ) ਚੁੱਪ ਕਰੋ, ਸੁਣੋ! ਪਿੰਡ ਦੇ ਦੁਰ ਭਾਗ ਹਨ ਕਿ ਇਥੇ ਕਦੇ ਕਿਸੇ ਮੰਤਰੀ ਨੇ ਚਰਨ ਨਹੀਂ ਸਨ ਪਾਏ। ਅੱਜ ਪਹਿਲਾ ਹੀ ਸੁਭਾਗਾ ਮੌਕਾ ਹੈ ਕਿ ਰਾਜ ਮੰਤਰੀ ਸ੍ਰੀ 1✦☐ ਮਹੰਤ ਚਰਨ ਦਾਸ ਜੀ ਸਾਡੇ ਨਗਰ ਵਿਚ ਪਵਿੱਤਰ ਚਰਨ ਪਾ ਰਹੇ ਹਨ। ਅੱਜ ਦਾ ਦਿਨ ਸਾਡੇ ਲਈ ਵਡਭਾਗੀ ਹੈ, ਅਕਹਿ ਖ਼ੁਸ਼ੀ ਨਾਵਲ ਭਰਿਆ ਹੋਇਆ ਹੈ। ਸਮਾਂ ਘਟ ਹੈ ਨਹੀਂ ਤਾਂ ਸਭ ਰਲ ਕੇ ਇਹ ਸ਼ਬਦ ਗਾਉਂਦੇ :

"ਇਹ ਉਤਸ਼ਾਹੀ "ਰਾਜ-ਮੰਤਰੀ ਜ਼ਿੰਦਾਬਾਦ"

ਦਾ ਨਾਹਰਾ ਲਾਉਂਦਾ ਹੈ।

ਭਲਵਾਨ : ਮੇਰੇ ਪਾਸ ਢੁਕਵੇਂ ਸ਼ਬਦ ਨਹੀਂ, ਜਿਨ੍ਹਾਂ ਨਾਲ ਮੈਂ ਸ੍ਰੀ ਰਾਜ ਮੰਤਰੀ ਜੀ ਦਾ ਸਵਾਗਤ ਕਰ ਸਕਾਂ। ਸੱਚ ਪੁੱਛੋ ਅਜ ਕਾਢੇ ਕੀੜੀਆਂ ਦੇ ਘਰ ਨਰੈਣ ਆਇਆ ਹੈ। ਆਪ ਦੇ ਚਰਨਾਂ ਦੇ ਸਪੱਰਸ਼ ਨਾਲ ਇਹ ਧਰਤੀ ਪਾਕ ਤੇ ਪਵਿੱਤਰ ਹੋ ਗਈ ਹੈ। ਜ਼ਰਾ ਆਲੇ ਦੁਆਲੇ ਧਿਆਨ ਮਾਰੋ, ਕਿੰਨੀ ਸਫ਼ਾਈ ਹੈ।

ਬਾਗ਼ੀ ਆਵਾਜ਼ : ਜ਼ਿਲਾ ਅਧਿਕਾਰੀਆਂ ਨੇ ਝਾੜੂ ਫੇਰਿਆ ਹੈ।

ਦੂਜੀ : ਜਨਤਾ ਦੇ ਅੱਖੀਂ ਘੱਟਾ ਪਾਇਆ ਗਿਆ ਹੈ।

ਭਲਵਾਨ : ਸਾਥੀਓ, ਐਧਰ ਧਿਆਨ ਕਰੋ, ਤੁਸੀਂ ਸੁਣ ਕੇ ਖ਼ੁਸ਼ ਹੋਵੋਗੇ, ਅੱਜ ਦੇ ਮੁੱਖ ਮਹਿਮਾਨ ਸਟੇਟ ਮਨਿਸਟਰ ਵਿਦਆਊਟ ਪੋਰਟ ਫੋਲੀਓ ਯਾਨੀ ਬਿਨਾਂ ਮਹਿਕਮੇ ਰਾਜ ਮੰਤਰੀ ਹਨ। ਸਭ ਤੋਂ ਕਾਬਿਲ ਸ਼ਖ਼ਸ ਨੂੰ ਇਹ ਅਹੁਦਾ ਨਸੀਬ ਹੁੰਦਾ ਹੈ। ਕਿਉਂਕਿ ਆਪ ਹਰਫ਼ਨ ਮੌਲਾ ਹਨ, ਇਸ ਵਾਸਤੇ ਹਰ ਮਹਿਕਮੇ ਨੂੰ ਆਪ ਦੀ ਲੋੜ ਰਹਿੰਦੀ ਹੈ। ਮੈਂ ਕਹਿ ਰਿਹਾ ਸਾਂ, ਸਾਡੇ ਰਾਜ ਮੰਤਰੀ ਜੀ ਅਤੀ ਸਤਿਕਾਰੇ ਹੋਏ ਮਹਾਂਪੁਰਸ਼ ਹਨ। ਅਗੇ ਆਪ ਲੋਕਾਂ ਦਾ ਆਤਮਕ ਕਲਿਆਣ ਕਰਦੇ ਹੁੰਦੇ ਸਨ, ਹੁਣ ਆਪ ਸੂਬੇ ਨੂੰ ਪਦਾਰਥਕ ਉੱਨਤੀ ਦੇ ਸਿਖਰਾਂ ਤੇ ਪਹੁੰਚਾਣਗੇ। ਆਪ ਜੀ ਨੇ ਕੋਈ ਸਾਲ ਭੋਰੇ ਵਿਚ ਬੈਠ ਕੇ ਤਪੱਸਿਆ ਕੀਤੀ ਹੈ ਅਤੇ ਚਿੱਲੇ ਕੱਟੇ ਹਨ। ਅਸਲ ਵਿਚ ਇਨ੍ਹਾਂ ਦੀ ਭਗਤੀ ਨੂੰ ਹੀ ਭਾਗ ਲੱਗਾ ਹੈ। ਉਸ ਆਤਮਕ ਸੱਤਾ ਦਾ ਜਲਾਲ ਹਜ਼ੂਰ ਦੇ ਚਿਹਰੇ ਤੇ ਸਾਫ਼ ਜ਼ਾਹਰ ਹੈ।

ਬਾਗ਼ੀ ਆਵਾਜ਼ : ਇਹ ਹਕੂਮਤ ਦੇ ਨਸ਼ੇ ਦਾ ਸਰੂਰ ਹੈ।

ਦੂਜੀ : ਸੁਹਦੇ ਹਜ਼ੂਰ ਦੀ ਆਪਾਰ ਕਿਰਪਾ ਹੈ ਕਿ ਆਪ ਜੀ ਨੇ ਸਾਡੀਆਂ ਮੰਗਾਂ ਤੇ ਸ਼ਿਕਾਇਤਾਂ ਧਿਆਨ ਤੇ ਹਮਦਰਦੀ ਨਾਲ ਸੁਣੀਆਂ ਹਨ ਅਤੇ ਛੇਤੀ ਤੋਂ ਛੇਤੀ ਪੂਰਾ ਕਰਨ ਦਾ ਬਚਨ ਦਿੱਤਾ ਹੈ।

[ਤਾਲੀਆਂ ਤੇ ਜੈ-ਕਾਰੇ]

ਸਭ ਤੋਂ ਭਾਰੀ ਜ਼ੁਸ਼ੀ ਦੀ ਗੱਲ ਇਹ ਹੈ ਕਿ ਸਨਮਾਨਯੋਗ ਰਾਜ ਮੰਤਰੀ ਜੀ ਨੇ ਸਾਡੇ ਪਿੰਡ ਨਾਲ ਪੱਕਾ ਸ਼ਰਿਸ਼ਤਾ ਗੰਢ ਲਿਆ ਹੈ।

[ਰਾਜ ਮੰਤਰੀ ਲਾਜੋ ਵਲ ਦੇਖ ਕੇ ਮੁਸਕ੍ਰਾਂਦਾ ਹੈ। ਉਹ ਸ਼ਰਮ ਨਾਲ ਨੀਵੀਂ ਪਾ ਲੈਂਦੀ ਹੈ। ]

ਮੈਂ ਮਾਸਟਰ ਮੇਲਾ ਰਾਮ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਦੀ ਸਯੋਗ ਸਪੁੱਤਰੀ ਬੀਬੀ ਲਾਜਵਤੀ ਜੀ ਆਪ ਦੀ ਅਰਧੰਗੀ ਬਣੇ ਹਨ।

ਬਾਗ਼ੀ ਆਵਾਜ਼ : ਫੇਰੇ ਕਦੋਂ ਹੋਏ ਸਨ?

ਭਲਵਾਨ : ਮੈਂ ਅਪਦੇ ਮੁਅੱਜ਼ਜ਼ ਮਹਿਮਾਨ ਬਿਨਾਂ ਮਹਿਕਮਾ ਰਾਜ ਮੰਤਰੀ ਜੀ ਨੂੰ ਵਿਸ਼ਵਾਸ ਦਿਵਾਂਦਾ ਹਾਂ ਕਿ ਪੰਜਾਬ ਦੀ ਪਰੰਪਰਾ ਅਨੁਸਾਰ ਉਹ ਹੁਣ ਸਾਰੇ ਪਿੰਡ ਦੇ ਜਵਾਈ ਭਾਈ ਸਮਝੇ ਜਾਣਗੇ।

["ਜਵਾਈ-ਭਾਈ ਜ਼ਿੰਦਾਬਾਦ" ਦੇ ਜੈਕਾਰੇ)

ਬਾਗ਼ੀ ਆਵਾਜ਼ : ਇਹਨੂੰ ਸਾਲੀਆਂ ਦੇ ਹਵਾਲੇਕਰੋ, ਛੰਦ ਸੁਣ ਲਵੇ।

ਦੂਜੀ : ਇਹਨੂੰ ਸਾਲਿਆਂ ਨਾਲ ਵੀ ਸਿਝਣਾ ਪਊ।

ਭਲਵਾਨ : (ਮੰਚ ਸਕੱਤਰ ਦੇ ਰੂਪ ਵਿਚ) ਭੈਣੋਂ ਤੇ ਭਰਾਵੋ, ਚੁੱਪ ਦਾ ਦਾਨ ਬਖ਼ਸ਼ੋ। ਬਹੁਤ ਦਿਲਚਸਪ ਪ੍ਰੋਗ੍ਰਾਮ ਪੇਸ਼ ਕੀਤਾ ਜਾਵੇਗਾ। ਹੁਣ ਸਾਡੇ ਇਲਾਕੇ ਦੇ ਐਮ. ਐਲ. ਏਏ ਸ. ਸੁੱਚਾ ਸਿੰਘ ਸੰਖੇਪ ਵਿਖਿਆਨ ਦੇਣਗੇ।

ਸੁੱਚਾ ਸਿੰਘ : ਮੇਰੇ ਚੋਣ ਹਲਕਾ ਵਾਸੀਓ, ਮੈਂ ਵੀ ਤੁਹਾਡੇ ਆਂਗੂੰ ਰਾਜ ਮੰਤਰੀ ਦਾ ਮਨੋਹਰ ਭਾਸ਼ਨ ਸੁਣਨ ਲਈ ਬੇਤਾਬ ਹਾਂ, ਇਸ ਵਾਸਤੇ ਮੈਂ ਤੁਹਾਨੂੰ ਬਹੁਤਾ ਚਿਰ ਬੋਰ ਨਹੀਂ ਕਰਾਂਗਾ।

ਬਾਗ਼ੀ ਬਾਵਾਜ਼ : ਫੇਰ ਬੈਠ ਜਾਓ, ਬੈਠ ਜਾਓ।

ਦੂਜੀ : ਤਸ਼ਰੀਫ਼ ਦਾ ਟੋਕਰਾ ਕੁਰਸੀ ਤੇ ਰੱਖੋ।

ਸੁੱਚਾ ਸਿੰਘ : ਰਾਜ ਮੰਤਰੀ ਦੇ ਮੁਬਾਰਕ ਕਦਮ ਪੈਣ ਨਾਲ ਅੱਜ ਸਾਡੇ ਨਗਰ ਵਿਚ ਕਿੰਨੀ ਗਹਿਮਾ ਗਹਿਮ ਹੈ। ਪਰ ਮੈਂ ਦਸ ਦਿਆਂ, ਜ਼ਿਲੇ ਦੇ ਅਫ਼ਸਰ ਪਹਿਲੀ ਦਫ਼ਾ ਪਿੰਡ ਵਿਚ ਦੇਖੇ ਗਏ ਹਨ।

ਬਾਗ਼ੀ ਆਵਾਜ਼ : ਤੇਰੀ ਵੀ ਚੋਣਾਂ ਪਿਛੋਂ ਅਜ ਹੀ ਸ਼ਕਲ ਦੇਖੀ ਹੈ।

ਦੂਜੀ : ਇਹ ਵੀ ਫ਼ਸਲੀ ਬਟੇਰਾ ਹੈ।

ਸੁੱਚਾ ਸਿੰਘ : ਮੈਂ ਤਾਂ ਇਲਾਕਾ ਵਾਸੀਆਂ ਦਾ ਦਿਲੋਂ ਜਾਨ ਰਿਣੀ ਹਾਂ, ਜਿਨ੍ਹਾਂ ਨੇ ਆਪਣੀਆਂ ਕੀਮਤੀ ਵੋਟਾਂ ਪੇ ਕੇ ਮੈਨੂੰ ਕਾਮਯਾਬ ਕੀਤਾ।

ਆਵਾਜ਼ : ਬਹੁਤ ਭਾਰੀ ਭੁੱਲ ਕੀਤੀ ਹੈ।

ਬਹੁਤੀਆਂ ਆਵਾਜ਼ਾਂ : ਬੈਠ ਜਾ, ਬੈਠ ਜਾ, ਨਹੀਂ ਸਾਨੂੰ ਬਠਾਣਾ ਪਵੇਗਾ।

[ਰੌਲਾ ਬੇਗਾਬੂ ਹੋ ਜਾਂਦਾ ਹੈ। ਭਲਵਾਨ ਸੁੱਚਾ ਸਿੰਘ ਨੂੰ ਬੈਠਣ ਲਈ ਮਜਬੂਰ ਕਰ ਦਿੰਦਾ ਹੈ। ]

ਜ਼ੈਲਦਾਰ : ਕਵੀਸ਼ਰ ਨੂੰ ਖੜ੍ਹਾ ਕਰੋ ਜੇ ਰੌਲੇ ਤੇ ਕਾਬੂ ਪਾਣਾ ਹੈ।

ਭਲਵਾਨ : ਹੁਣ ਅਸੀਂ ਤੁਹਾਡੇ ਮਹਿਬੂਬ ਕਵੀਸ਼ਰ ਤਬਾਹੀ ਰਾਮ ਨੂੰ ਵਕਤ ਦਿੰਦੇ ਹਾਂ

[ਤਾਲੀਆਂ ਦੀ ਗੂੰਜ। ਕੋਈ ਉਤਸ਼ਾਹੀ "ਤਬਾਹੀ ਰਾਮ ਜ਼ਿੰਦਾਬਾਦ" ਦਾ ਜੈਕਾਰਾ ਵੀ ਬੁਲਾ ਦਿੰਦਾ ਹੈ। ]

ਕਵੀਸ਼ਰ : (ਹੱਥ ਉਚੇ ਕਰ ਕੇ ਲੋਕਾਂ ਨੂੰ ਚੁੱਪ ਕਰਾਉਂਦਾ ਹੋਇਆ ਬੜੇ ਵਿਸ਼ਵਾਸ ਨਾਲ) ਮੇਰੇ ਸਰਪ੍ਰਸਤੋ ਤੇ ਮੇਰੀ ਕਲਾ ਦੇ ਕਦਰਦਾਨੋ, ਸਭ ਤੋਂ ਪਹਿਲਾਂ ਮੈਂ ਆਪਣਾ ਸਿਰ ਪਰਮ ਸਤਿਕਾਰਯੋਗ ਰਾਜ ਮੰਤਰੀ ਜੀ ਅਗੇ ਨਿਮਰਤਾ ਸਹਿਤ ਝੁਕਾਂਦਾ ਹਾਂ, ਪਰਮਾਤਮਾ ਇਨ੍ਹਾਂ ਦਾ ਰਾਜ ਭਾਗ ਕਾਇਮ ਰੱਖੇ।

ਬਾਗ਼ੀ ਆਵਾਜ਼ : ਤੂੰ ਕਵੀ ਏਂ ਕਿ ਮਰਾਸੀ।

ਦੂਜਾ : ਮਤਲਬ ਦੀ ਗੱਲ ਕਰ ਛੇਤੀ।

ਕਵੀਸ਼ਰ : ਸਾਹਿਤ ਪ੍ਰੇਮੀਓ, ਮਾਨਯੋਗ ਰਾਜਮੰਤਰੀ ਦੇ ਆਉਣ ਦੀ ਖ਼ਬਰ ਸੁਣ ਕੇ ਐਨੀ ਖ਼ੁਸ਼ੀ ਹੋਈ ਕਿ ਕਲਮ ਹੱਥੋਂ ਢਹਿ ਢਹਿ ਪੈਂਦੀ ਰਹੀ। ਮੈਂ ਇਸ ਸ਼ੁਭ ਅਵਸਰ ਲਈ ਇਕ ਤਾਜ਼ਾ ਨਜ਼ਮ ਲਿਖੀ ਹੈ। ਪਹਿਲਾਂ ਵਾਰਿਸ ਦੇ ਰੰਗ ਵਿਚ ਦੋ ਸ਼ੇਅਰ ਸੁਣੋ। (ਖੰਘੂਰਾ ਮਾਰ ਕੇ ਗਲਾ ਸਾਫ਼ ਕਰਕੇ ਗਾਂਦਾ ਹੋਇਆ)।

ਕਵੀ ਪੁੱਛਦਾ ਧਰਤ ਸੁਭਾਗੀਏ ਨੀ,

ਜੋਬਨ ਤੇਰਾ ਹੈ ਅਜਬ ਸੁਹਾਇਆ ਨੀ।

ਜਿੱਧਰ ਨਜ਼ਰ ਜਾਂਦੀ ਚਹਿਲ ਪਹਿਲ ਦਿਸੇ,

ਕਿਉਂ ਰੂਪ ਤੇਰਾ ਨਸ਼ਿਆਇਆ ਨੀ?

ਤੂੰ ਨੀ ਵੇਂਹਦਾ ਮੰਚ ’ਤੇ ਨੂਰ ਵਰ੍ਹਦਾ,

ਤਾਹੀਉਂ ਕਣ ਕਣ ਅੱਜ ਨਸ਼ਿਆਇਆ ਵੇ।

ਝੁਕ ਝੁਕ ਕਰੋ ਸਲਾਮ ਏਸ ਮੰਤਰੀ ਨੂੰ,

ਜਿਹਨੇ ਪਿੰਡ ਸਾਡੇ ਫੇਰਾ ਪਾਇਆ ਵੇ।

ਰਾਜ ਮੰਤਰੀ: (ਲਾਜੋ ਵਲ ਦੇਖਦਾ ਹੋਇਆ ਝੂੰਮ ਕੇ) ਵਾਹ ਓਹ! ਕਮਾਲ, ਕਮਾਲ!

ਆਵਾਜ਼ : ਵਾਹ ਕਿਆ ਗਲਾ ਹੈ।

ਦੂਜੀ : ਕੱਟ ਕੇ ਰਖਣ ਵਾਲਾ ਹੈ।

ਕਵੀਸ਼ਰ: ਸਾਥੀਓ, ਜ਼ਰਾ ਧਿਆਨ ਦੇਣਾ, ਕਾਬਿਲੇ ਗ਼ੌਰ ਨਜ਼ਮ ਪੇਸ਼ ਕਰਨ ਲੱਗਾ ਹਾਂ।

ਆਵਾਜ਼ : ਬੈਠ ਜਾਠ ਵਾਰੇਸ਼ਾਹ ਮਾਤ ਪੈ ਗਿਆ ਹੈ।

ਦੂਜੀ : ਸਤਰਾਂ ਸੂਬਾ ਸਿੰਘ ਦੀ ਹੀਰ ’ਚੋਂ ਚੁਰਾਈਆਂ ਹੋਈਆਂ ਨੇ।

[ਸਰੋਤਿਆਂ ਵਿਚ ਉੱਚੀ ਹਾਸਾ। ]

ਭਲਵਾਨ : ਕਵੀਸ਼ਰਾ, ਜ਼ਰਾ ਰੁਕ ਜਾ।

ਰਾਜ ਮੰਤਰੀ : (ਪੀ. ਏ. ਤੇ ਲਾਜੋ ਨਾਲ ਸਲਾਹ ਕਰਦਾ ਹੋਇਆ) ਕਵੀਸ਼ਰ ਨੂੰ ਕਿਆ ਇਨਾਮ ਦਿੱਤਾ ਜਾਏ, ਲੱਖ ਲੱਖ ਰੁਪਏ ਦਾ ਸ਼ਿਅਰ ਕਿਹਾ ਹੈ।

ਪੀ. ਏ. : ਇਸ ਨੂੰ ਪੰਜਾਬ ਦਾ ਰਾਜ ਕਵੀ ਬਣਾ ਦਿਓ।

ਰਾਜ ਮੰਤਰੀ : ਬਹੁਤ ਖ਼ੂਬ! ਕਿਸੇ ਨੂੰ ਅੱਜ ਤਕ ਸੁੱਝਾ ਨਹੀਂ ਸੀ, ਮੈਂ ਹੁਣੇ ਐਲਾਨ ਕਰਦਾ ਹਾਂ।

ਪੀ. ਏ. : ਜੀ ਬੈਠੋ, ਆਪਣੇ ਪ੍ਰਧਾਨਗੀ ਭਾਸ਼ਨ ਵਿਚ ਐਲਾਨ ਕਰਨਾ।

ਰਾਜ ਮੰਤਰੀ : ਫੇਰ ਕਵੀਸ਼ਰ ਨੂੰ ਮੰਚ ਤੇ ਬਿਠਾ ਲਵੋ, ਹੁਣੇ ਲੋੜ ਪਵੇਗੀ।

ਭਲਵਾਨ : ਸੱਜਣੋ, ਤੁਹਾਡੀ ਉਤਾਵਲ ਨੂੰ ਮੁਖ ਰਖਦਿਆਂ ਅਸੀਂ ਅੱਜ ਦੀ ਸਭ ਤੋਂ ਦਿਲਚਸਪ ਆਈਟਮ ਪੇਸ਼ ਕਰਦੇ ਹਾਂ।

ਆਵਾਜ਼ਾਂ : ਪਹਿਲਾਂ ਕਵੀ ਨੂੰ ਹੇਠਾਂ ਲਾਹੋ, ਦਿਸਦਾ ਨਹੀਂ।

ਭਲਵਾਨ : ਅਸੀਂ ਹੁਣ ਆਪਣੀ ਕਲਾ ਦੇ ਮਾਹਰ ਮਸ਼ਹੂਰ ਭੰਡ ਰੁਲੀਏ ਨੂੰ ਵਕਤ ਦਿੰਦੇ ਹਾਂ। ਨੌਜਵਾਨਾਂ ਨੂੰ ਮੈਂ ਦਸ ਦਿਆਂ ਵੰਡ ਤੋਂ ਪਹਿਲਾਂ ਪੰਜਾਬ ਵਿਚ ਨਕਲੀਆਂ ਦੇ ਦੋ ਦਰਜਨ ਤੋਂ ਉਤੇ ਟੋਲੇ ਹੁੰਦੇ ਸਨ। ਉਹ ਲਗਭਗ ਸਾਰੇ ਪਾਕਿਸਤਾਨ ਨੂੰ ਚਲੇ ਗਏ। ਅਸੀਂ ਰੁਲੀਏ ਦੇ ਟੱਬਰ ਨੂੰ ਬੜੀ ਮੁਸ਼ਕਲ ਨਾਲ ਬਚਾਇਆ ਸੀ। ਇ ਲੋਕ ਸਦੀਆਂ ਤੋਂ ਸਮਾਜ ਦਾ ਰੂਹ ਤਾਜ਼ਾ ਕਰਦੇ ਆ ਰਹੇ ਹਨ। ਹੁਣ ਘੜੀ ਪਲ ਲਈ ਰੁਲੀਆ ਤੇ ਜਮਾਲਾ ਜਨਤਾ ਦਾ ਰੂਹ ਖ਼ੁਸ਼ ਕਰਨਗੇ।

[ਦੋਵੇਂ ਮਰਾਸੀ ਕਲਿਆਣ ਕਰਦੇ ਹੋਏ ਮੰਚ ਉੱਤੇ ਆ ਟਪਕਦੇ ਹਨ — ਜੜ੍ਹਾਂ ਹਰੀਆਂ, ਰੱਬ ਭਾਗ ਲਾਵੇ, ਰਾਜ ਦੂਣ ਸਵਾਏ, ਅਕਬਾਲ ਵਧਾਏ।]

ਰੁਲੀਆ: ਮਰਾਸੀਆ।

ਜਮਾਲਾ : ਹਾਂ।

ਰੁਲੀਆ : ਰਾਜੇ ਮਹਾਰਾਜੇ ਤਾਂ ਚਲੇ ਗਏ।

ਜਮਾਲਾ : ਚੰਗਾ ਹੋਇਆ ਠੰਡੇ ਠੰਡੇ ਰਵਾਨਾ ਹੋਏ।

ਰੁਲੀਆ : ਹੁਣ ਸਾਨੂੰਸ਼ ਆਪਣੀ ਵਫ਼ਾਦਾਰੀ ਬਦਲ ਲੈਣੀ ਚਾਹੀਦੀ ਹੈ।

ਜਮਾਲਾ: ਦਸ ਹੁਣ ਕਿਸ ਦੀ ਪੂਛ ਫੜੀਏ?

ਰੁਲੀਆ : ਚਲ ਰਾਜ ਮੰਤਰੀ ਦੇ ਲੜ ਲਗ ਕੇ ਤਰੀਏ।

ਜਮਾਲਾ : ਚਲੋ ਫੇਰ ਸਲਾਮ ਦੁਆ ਕਰ ਆਈਏ, ਮਤੇ ਮਨ ਮਿਹਰ ਪੈ ਜਾਵੇ।

ਰੁਲੀਆ : ਓਇ, ਮਰਦਾ ਨਾ ਜਾ, ਬਹੁਤ ਕੁਝ ਝੜਨਗੇ।

ਜਮਾਲਾ : ਦਾਤਾ ਉਹ ਜੋ ਹੱਥੋਂ ਕਿਸ, ਹਥਿਆਰ ਉਹ ਜੋ ਮੈਦਾਨ 'ਚ ਕੰਮ ਆਏ।

[ਚੱਕਰ ਕੱਟ ਕੇ ਰਾਜ ਮੰਤਰੀ ਅਗੇ ਜਾ ਕੇ ਝੁਕ ਝੁਕ ਸਲਾਮਾਂ ਕਰਦੇ ਹਨ ਅਤੇ ਦੁਆਵਾਂ ਦਿੰਦੇ ਹਨ। ]

ਰੁਲੀਆ : ਮਰਾਸੀਆ?

ਜਮਾਲਾ : ਹਾਂ।

ਰੁਲੀਆ : ਅੱਜ ਕਿਸ ਦੇ ਦਰਬਾਰ ਵਿਚ ਹਾਜ਼ਰ ਹੋਏ ਆਂ।

ਜਮਾਲਾ : ਬਿਨਾਂ ਰਿਆਸਤ ਰਾਜ ਮੰਤਰੀ ਦੇ।

ਰੁਲੀਆ : ਮੂਰਖਾ ਬਿਨਾਂ ਮਹਿਕਮੇ ਰਾਜ ਮੰਤਰੀ ਸਾਹਿਬ ਦੇ ਆਖ।

ਜਮਾਲਾ : ਲਫ਼ਜ਼ਾਂ ਦਾ ਹੀ ਹੇਰ ਫੇਰ ਹੈ। ਮਾਹਨੇ ਇਕੋ ਨੇ।

ਰੁਲੀਆ : ਮਰਾਸੀਆ।

ਜਮਾਲਾ : ਹਾਂ।

ਰੁਲੀਆ : ਰਾਜ ਮੰਤਰੀ ਜੀ ਸੰਘਾਸਣ ਤੇ ਬੈਠੇ ਕਿਸ ਤਰ੍ਹਾਂ ਸੋਭ ਰਹੇ ਨੇ?

ਜਮਾਲਾ : ਜਿਵੇਂ ਦੇਵਤਿਆਂ ਵਿਚ ਇੰਦਰ ਰਾਜਾ।

ਰੋਲੀਆ : ਨਹੀਂ ਬੁਝ ਸਕਿਆ।

ਜਮਾਲਾ : ਜਿਵੇਂ ਤਾਰਿਆਂ ਵਿਚ ਚੰਨ।

ਰੁਲੀਆ : ਉੂਂ ਹੂੰ !

ਜਮਾਲਾ: ਜਿਵੇਂ ਸਹੇਲੀਆਂ ਵਿਚ ਹੀਰ ਸਲੇਟੀ।

ਰੁਲੀਆ : ਮੂਰਖਾ ਤੂੰ ਤਾਂ ਲਿੰਗ ਹੀ ਬਦਲ ਦਿਤਾ ਏ।

ਜਮਾਲਾ : ਫੇਰ ਹੋਰ ਸੁਣ।

ਰੁਲੀਆ : ਹਾਂ ਦਸ।

ਜਮਾਲਾ : ਜਿਵੇਂ ਗੋਪੀਆਂ ਵਿਚ ਕਾਹਨ।

ਰੁਲੀਆ : ਅਜੇ ਵੀ ਟਿਕਾਣੇ ਨਹੀਂ ਪੁੱਜਾ।

ਜਮਾਲਾ : ਮੇਰੀ ਅਕਲ ਜਵਾਬ ਦੇ ਗਈ ਏ, ਤੂੰ ਹੀ ਦਸ।

ਰੁਲੀਆ : ਜਿਵੇਂ :

ਜਮਾਲਾ : ਜਿਵੇਂ ਕੀ?

ਰੁਲੀਆ : (ਪੋਜ਼ ਬਣ ਕੇ) ਜਿਵੇਂ ਰਾਧਾ ਸੰਗ ਕ੍ਰਿਸ਼ਨ।

[ਬਹੁਤ ਉੱਚੀ ਹਾਸਾ ਪੈਂਦਾ ਹੈ। ਤਾਲੀਆਂ ਦੀ ਗੂੰਜ ਵਿਚ ਰਾਜ ਮੰਤਰੀ ਲਾਜੋ ਦਾ ਹੱਥ ਫੜ ਕੇ ਪਲੋਸਦਾ ਅਤੇ ਮੁਸਕ੍ਰਾਂਦਾ ਹੈ। ]

ਰੁਲੀਆ : ਜਜਮਾਨੋ, ਖ਼ੁਸ਼ੀ ਦਾ ਮੌਕਾ ਹੈ। ਅਸੀਂ ਇਕ ਹਰੀਜਨ ਕੁੜੀ ਦੀਆਂ ਦਬੀਆਂ ਘੁਟੀਆਂ ਉਮੰਗਾਂ ਨੰਗੀਆਂ ਕਰਦੇ ਹਾਂ।

[ਇੰਨੀ ਦੇਰ ਨੂੰ ਜਮਾਲਾ ਪੱਗ ਦਾ ਪੱਲਾ ਸਿਰ ਉਤੇ ਰਖ ਲੈਂਦਾ ਹੈ। ]

ਜਮਾਲਾ : (ਕੁੜੀ ਦੇ ਰੂਪ ਵਿਚ) ਬਾਪੂ, ਏ ਬਾਪੂ !

ਰੁਲੀਆ : ਆ ਮੇਰੀ ਬੀਬੀ ਧੀ।

ਜਮਾਲਾ : ਬਾਪੂ, ਊਂ, ਊਂ, ਊਂ!

ਰੁਲੀਆ : ਬਾਪੂ ਵਾਰੇ ਸਦਕੇ, ਮੇਰੀ ਬੀਬੀ ਧੀ ਕਿਉਂ ਰੋਵੇ।

ਜਮਾਲਾ : ਵੇ ਬਾਪੂ, ਅੜਿਆ ਬਾਪੂ, ਤੂੰ ਮੇਰਾ ਬਾਪੂ ਏਂ?

ਰੁਲੀਆ : (ਚਾਂਟੀ ਮਾਰ ਕੇ) ਹੋਰ ਤੈਨੂੰ ਅੰਮਾ ਦਿਸ ਰਿਹਾਂ।

ਜਮਾਲਾ : ਏ ਬਾਪੂ।

ਰੁਲੀਆ : ਗੱਲ ਕਰ ਸ਼ਰਮਾ ਨਾ, ਮੇਰੀ ਰਾਣੀ ਧੀ।

ਜਮਾਲਾ : ਬਾਪੂ, ਹੁਣ ਮੁਟਿਆਰ ਹੋ ਗਈ ਆਂ।

ਰੁਲੀਆ : ਫੇਰ?

ਜਮਾਲਾ: ਊਂ, ਊਂ! ਹੁਣ ਮੇਰਾ ਵਿਆਹ ਕਰ ਦੇ।

ਰੁਲੀਆ : ਬੀਬੀਆਂ ਧੀਆਂ ਏਹੋ ਜਿਹੀਆਂ ਮੂੰਹੋਂ ਨਹੀਂ ਆਖਦੀਆਂ।

ਜਮਾਲਾ : ਬਾਪੂ ਮਾਫ਼ ਕਰੀਂ, ਦਿਲ ਦੀ ਗੱਲ ਬਦੋ ਬਦੀ ਮੂੰਹ ਤੇ ਆ ਗਈ ਏ।

ਰੁਲੀਆ : ਓਹ ਜਾਣੇ, ਮੈਂ ਵਰ ਘਰ ਲਭ ਕੇ ਕਰਦਾ ਹਾਂ।

ਜਮਾਲਾ : ਲੱਭੀਂ ਵੇ ਲੱਭੀਂ ਬਾਪੂ, ਤੇਰਾ ਸੁਰਗਾਂ ਵਿਚ ਵਾਸਾ।

ਰੁਲੀਆ : (ਇਕ ਟਿਕਾ ਕੇ) ਫਿਟੇ ਮੂੰਹ, ਫਿਟੇ ਮੂੰਹ, ਚੰਗੀ ਬਾਪੂ ਦੀ ਸੁਖ ਮੰਗਨੀਂ ਏਂ।

ਜਮਾਲਾ : ਅਧਿਆ ਬਾਪੂ, ਏ ਬਾਪੂ, ਮੈਨੂੰ ਬਹੁਤ ਸਾਰਾ ਦਾਜ ਦੇਈਂ। ਕਿਹੜੇ ਕਿਹੜੇ ਗਹਿਣੇ ਪਾਵੇਂਗਾ।

ਰੁਲੀਆ : ਚੌਂਕ ਫੁੱਲ, ਨੱਥ ਨਕੋੜਾ, ਪਰੀਬੰਦ, ਹਾਥੀ ਦੰਦ ਦਾ ਚੂੜਾ, ਕੰਨਾਂ ਦੀਆਂ ਵਾਲੀਆਂ, ਪੰਜੇਬਾਂ ਤੇ ਕੜੀਆਂ।

ਜਮਾਲਾ : ਬਾਪੂ, ਤੂੰ ਇਕ ਗਹਿਣਾ ਛਡ ਹੀ ਗਿਆ ਏਂ।

ਰੁਲੀਆ : ਉਹ ਕਿਹੜਾ ਧੀਏ ?

ਜਮਾਲਾ: ਆਤਸ਼ਬਾਜ਼ਾਂ ਦੀਆਂ ਫੁੱਲ ਝੜੀਆਂ।

ਰੁਲੀਆ : (ਇਕ ਟਿਕਾ ਕੇ) ਅਨੋਖੇ ਈ ਗਹਿਣੇ ਭਾਲਦੀ ਏ।

ਜਮਾਲਾ : ਬਾਪੂ ਤੂੰ ਦਾਜ ਦੇ ਕਪੜੇ ਦਸੇ ਹੀ ਨਹੀਂ।

ਰੁਲੀਆ : ਦਰਿਆਈ , ਹਲਵਾਨ, ਰੇਸ਼ਮ, ਪਿਆਸ, ਸਿਆਹੀ ਦਾ ਸੂਟ, ਕਲਾਵੇਜ ਦਾ ਘਗਰਾ, ਧੁੱਪ ਛਾਂ —

ਜਮਾਲਾ : (ਹੱਸ ਕੇ) ਵੇ ਬਾਪੂ ਲੈ ਦੇਈਂ ਮੈਨੂੰ ਜ਼ਰੂਰ ਲੈ ਦੇਈਂ ਧੁੱਪ ਦਾ ਦੁਪੱਟਾ ਤੇ ਧੁੱਪ ਵੀ ਹੋਵੇ ਜੇਠ ਹਾੜ ਦੀ। ਨਾਲੇ ਛਾ ਦੀ ਕਮੀਜ਼ ਤੇ ਛਾ ਵੀ ਹੋਵੇ ਮੋਠਾਂ ਦੀ।

ਰੁਲੀਆ : ਓਇ ਚਰਚ ਤੇਰੀਆਂ ਰੀਝਾਂ ਨੂੰ, ਹੋਰ ਦਸ ਕੀ ਕੀ ਲਿਆਵਾਂ?

ਜਮਾਲਾ : ਹੋਰ ਬੱਦਲਾਂ ਦੀ ਸੁੱਥਣ ਤੇ ਵਿਚ ਬਿਜਲੀ ਦਾ ਨਾਲਾ।

ਜਮਾਲਾ : (ਇਕ ਟਿਕਾ ਕੇ) ਕੂਚਾ ਲੱਗਾ ਤੇਰੇ ਸ਼ੌਕਾਂ ਨੂੰ, ਤੂੰ ਜ਼ਰੂਰ ਭਾਂਬੜ ਬਾਲੇਂਗੀ। ਜ਼ਾਤ ਦੀ ਕੋਹੜ ਕਿਰਲੀ ਤੇ ਸ਼ਤੀਰਾਂ ਨੂੰ ਜੱਫੇ। ਰਾਜ ਮੰਤਰੀ ਦੀ ਵੇਲ ਵਧੇ ਰਾਜ ਦੂਣ ਸਵਾਏ, ਰੱਬ ਭਾਗ ਲਾਏ।

ਬਾਗ਼ੀ ਆਵਾਜ਼ : ਨਕਲਾਂ ਬੰਦ ਕਰੋ। ਜਨਤਾ ਦਾ ਧਿਆਨ ਉਲਟੇ ਪਾਸੇ ਮਤ ਲਾਓ।

ਦੂਜੀ : ਭੁੱਖਾ ਪੇਟ ਨਕਲਾਂ ਨਾਵਲ ਨਹੀਂ ਭਰਦਾ।

ਭਲਵਾਨ : ਸਾਥੀਓ, ਬਸ ਥੋਹੜੀ ਦੇਰ ਹੋਰ ਸਬਰ ਕਰੋ। ਹੁਣ ਤੁਹਾਡੇ ਸਾਹਮਣੇ ਪਰਮ ਸਤਿਕਾਰਯੋਗ ਰਾਜ ਮੰਤਰੀ ਜੀ ਆਪਣਾ ਪ੍ਰਧਾਨਗੀ ਭਾਸ਼ਨ ਦੇਣਗੇ। ਧਿਆਨ ਨਾਲ ਸਰਵਣ ਕਰੋ।

[ਫ਼ੋਟੋਗ੍ਰਾਫ਼ਰ ਨਸ ਕੇ ਆਉਂਦੇ ਹਨ। ਲਾਊਡ ਸਪੀਕਰ ਵਾਲਾ ਸਟੈਂਡ ਮੇਚ ਕਰਦਾ ਹੈ। ਆਲ ਇੰਡੀਆ ਰੇਡੀਓ ਵਾਲੇ ਵੀ ਆਪਣੀ ਹੋਂਣ ਪ੍ਰਗਟ ਕਰਦੇ ਹਨ। ਪ੍ਰੋਗਰਾਮ ਕਾਰਜਕਾਰੀ ਉੱਠ ਕੇ ਉਪਰੇਟਰ ਨੂੰ ਕੁਝ ਸਮਝਾਂਦਾ ਹੈ। ]

ਰਾਜ ਮੰਤਰੀ : (ਗਲਾ ਸਾਫ਼ ਕਰਕੇ)ਦੇਵੀਓ ਤੇ ਦੇਵਤਾਓ, ਪੰਜਾਬ ਦੇ ਗਭਰੂਓ ਤੇ ਮੁਟਿਆਰੋ।

ਭਲਵਾਨ : ਵਾਹ ! ਕੈਸਾ ਸੰਬੋਧਨ ਹੈ।

ਰਾਜ ਮੰਤਰੀ : ਮੈਨੂੰ ਸ਼ਬਦ ਨਹੀਂ ਅਹੁੜ ਕਰੇ ਜਿਨ੍ਹਾਂ ਨਾਲ ਮੈਂ ਆਪਣੇ ਪ੍ਰਭਾਵ ਪ੍ਰਗਟ ਕਰ ਸਕਾਂ। ਮੇਰੀ ਜੀਭਾ ਗੂੰਗਾ ਸਵਾਦ ਚਖ ਰਹੀ ਹੈ। ਮੇਰੀਆਂ ਅੱਖਾਂ ਅਕਹਿ ਖ਼ੁਸ਼ੀ ਨਾਲ ਅਧ ਮੀਚੀਆਂ ਹੋਈਆਂ ਨ। ਫੇਰ ਵੀ ਮੈਂ ਸੱਜਣਾਂ ਨੂੰ ਦੇਖ ਕੇ ਗਦ ਗਦ ਹੋ ਰਿਹਾ ਹਾਂ। ਮੈਂ ਨਾ ਭਾਸ਼ਣ ਕਾਰ ਹਾਂ, ਨਾ ਅਖ਼ਬਾਰ ਛਾਪਣ ਵਾਲਾ, ਮੈਂ ਤਾਂ ਇਕ ਡੇਰੇ ਦਾ ਸਾਧਾਰਣ ਮਹੰਤ ਸਾਂ।

ਬਾਗ਼ੀ ਆਵਾਜ਼ : ਸੱਜਣ ਠੱਗ ਦਾ ਨਵਾਂ ਰੂਪ।

ਰਾਜ ਮੰਤਰੀ : ਤੁਹਾਡੇ ਚਰਨਾਂ ਦਾ ਦਾਸ ਹਾਂ। ਪਰਮਾਤਮਾ ਦੇ ਰੰਗ ਨਿਆਰੇ ਹਨ। ਉਸ ਦੀ ਲੀਲਾ ਬੇਅੰਤ ਹੈ। ਉਹ ਚਾਹੇ ਤਾਂ ਰਾਜੇ ਨੂੰ ਰੰਗ ਬਣਾ ਦੇਵੇ:

ਨਰਿਪਤ ਏਕ ਸੰਘਾਸਣ ਸੋਆ

ਸੁਪਨੇ ਭਿਆ ਭਿਖਾਰੀ।

ਉਹ ਚਾਹੇ ਤਾਂ ਇਕ ਫ਼ਕੀਰ ਨੂੰ ਰਾਜ ਤਖ਼ਤ ਤੇ ਬਿਠਾ ਦੇਵੇ। ਇਕ ਰਾਤ ਭਾਗ ਜਾਗੇ, ਪਾਰਸ ਸੰਗ ਮੇਲ ਹੋਇਆ, ਬਸ ਸ਼ੁੱਧ ਕੁੰਦਨ ਬਣ ਗਏ। ਮੇਰੇ ਵਰਗੇ ਅਨਪੜ੍ਹ ਦੇ ਲੇਖਾਂ ਵਿਚ ਵਜ਼ੀਰੀ ਕਿਥੇ। ਅੱਜ ਅਸੀਂ ਰਾਜ ਮੰਤਰੀ ਜਨਮਾਂਤਰਾਂ ਦੇ ਸੁਫ਼ਨੇ ਸਾਕਾਰ ਹੋ ਗਏ। ਅੱਜ ਅਸੀਂ ਰਾਜ ਮੰਤਰੀ ਬਿਨਾਂ ਮਹਿਕਮਾ ਸਥਿਤ ਹਾਂ (ਪੀ. ਏ. ਨੂੰ ਹੌਲੀ) ਛੇਤੀ ਦਸ ਅੱਗੇ ਕੀ ਬੋਲਾਂ ਮੇਰੀ ਸ਼ਕਤੀ ਖੀਨ ਹੁੰਦੀ ਜਾ ਰਹੀ ਏ ਤੇ ਜ਼ਬਾਨ —

ਪੀ. ਏ. : (ਹੌਲੀ) ਪਹਿਲਾਂ ਧੰਨਵਾਦ ਕਰੋ।

ਰਾਜ ਮੰਤਰੀ : ਇਹ ਚਮਤਕਾਰ ਤੁਹਾਡੀ ਮਿਹਰ ਦਾ ਪ੍ਰਕਾਸ਼ ਹੈ। ਇਸ ਵਾਸਤੇ ਮੈਂ ਤੁਹਾਡਾ ਰਿਣੀ ਹਾਂ। ਸਭ ਤੋਂ ਪਹਿਲਾਂ ਮੈਂ ਨਗਰ ਵਾਸੀਆਂ ਖ਼ਾਹਸ ਕਰਕੇ ਨੀਤੀ ਨਿਪੁੰਨ ਪ੍ਰਬੰਧਕ ਭਲਵਾਨ ਜੀ ਦਾ ਧੰਨਵਾਦ ਕਰਦਾ ਹਾਂ

ਜਿਨ੍ਹਾਂ ਨੇ ਅੱਜ ਮੈਨੂੰ ਇਥੇ ਬੁਲਾ ਕੇ ਮੇਰਾ ਜਨਮ ਬਲਕਿ ਧਰਮ ਸਫ਼ਲਾ ਕੀਤਾ ਹੈ। (ਲਾਜੋ ਵਲ ਦੇਖਦਾ ਹੈ)।

ਪੀ. ਏ. : (ਹੌਲੀ) ਹੁਣ ਲੋਕਾਂ ਦੀਆਂ ਮੰਗਾਂ ਦਾ ਉੱਤਰ ਦਿਓ।

ਰਾਜ ਮੰਤਰੀ : ਪਿਆਰਿਓ, ਮੈਂ ਤੁਹਾਡੀਆਂ ਇੱਛਾਵਾਂ ਤੇ ਤਾਂਘਾਂ, ਮੰਗਾਂ ਤੇ ਉਮੰਗਾਂ, ਹਉਕੇ ਤੇ ਹਾਵੇ, ਸਿੱਕਾਂ ਤੇ ਸੱਧਰਾਂ, ਦਾਦਾਂ ਤੇ ਫ਼ਰਿਆਦਾਂ ਧਿਆਨ ਪੂਰਵਕ ਸੁਣੀਆਂ। ਦਿਲੀ ਇੱਛਾ ਇਹ ਹੈ ਕਿ ਉਨ੍ਹਾਂ ਨੂੰ ਸੰਪੂਰਣ ਕਰਨ ਦਾ ਹੁਣੇ ਐਲਾਨ ਕਰ ਦਿਆਂ। ਪਰ ਰਾਜ ਮਰਯਾਦਾ ਅਨੁਸਾਰ ਮੁਖ ਮੰਤਰੀ ਦੀ ਆਗਿਆ ਲੈਣੀ ਜ਼ਰੂਰੀ ਹੈ। ਫੇਰ ਵੀ ਮੈਂ ਤੁਹਾਨੂੰ ਭਰੋਸਾ ਦਿਵਾਂਦਾ ਹਾਂ ਕਿ ਤੁਹਾਡੀਆਂ ਯੋਗ ਤੇ ਹੱਕੀ ਮੰਗਾਂ ਛੇਤੀ ਤੋਂ ਛੇਤੀ ਪੂਰੀਆਂ ਕੀਤੀਆਂ ਜਾਣਗੀਆਂ। ਹਾਂ, ਸੜਕ ਦਾ ਇਹ ਟੋਟਾ ਇਕ ਹਫ਼ਤੇ ਅੰਦਰ ਜ਼ਰੂਰ ਪੱਕਾ ਹੋ ਜਾਵੇਗਾ ਭਾਵੇਂ ਮੈਨੂੰ ਚੰਡੀਗੜ੍ਹ ਤੋਂ ਖ਼ੁਦ ਇੰਜਨ ਹਿੱਕ ਕੇ ਲਿਆਉਣਾ ਪਵੇ।

[ਬਹੁਤ ਉੱਚੀ ਹਾਸਾ)

ਪਹਿਲੀ ਆਵਾਜ਼ : ਧੰਨ ਹੈ ਰਾਜ ਮੰਤਰੀ !

ਦੂਜੀ : ਰਾਜ ਮੰਤਰੀ ਹੈ ਕਿ ਇੰਜਨ ਡਰਾਈਵਰ।

ਤੀਜੀ : ਕੋਈ ਮਤਲਬ ਦੀ ਗੱਲ ਕਰੋ।

["ਰਾਜ ਮੰਤਰੀ ਮੁਰਦਾਬਾਦ" ਦੇ ਨਾਹਰੇ ਸੁਣਾਈ ਦਿੰਦੇ ਹਨ। ]

ਰਾਜ ਮੰਤਰੀ : ਜੋਸ਼ੀਲੇ ਨੌਜਵਾਨਾਂ ਨੂੰ ਮੈਂ ਦਸ ਦਿਆਂ ਕਿ ਅਸੀਂ ਲੋਕ ਭਾਂਤ ਭਾਂਤ ਦੀਆਂ ਗੱਲਾਂ ਸੁਣਨ ਅਤੇ ਗਾਲ੍ਹਾਂ ਖਾਣ ਦੇ ਆਦੀ ਹੋਏ ਹੋਏ ਹਾਂ। ਸਾਡੇ ਕੰਨ ਪੱਕੇ ਹੋਏ ਨੇ।

ਆਵਾਜ਼ : ਤੁਹਾਡੀਆਂ ਅੱਖਾਂ ਨਹੀਂ ਕੰਨ ਹੀ ਹੁੰਦੇ ਨੇ।

ਰਾਜ ਮੰਤਰੀ : ਬਰਖ਼ੁਰਦਾਰੋ, ਤੁਸੀਂ ਵੀ ਸੱਚੇ ਓ, ਤੁਹਾਜਨੂੰ ਘਰੋਂ ਤੇ ਸਕੂਲੋਂ ਯੋਗ ਅਗਵਾਈ ਨਹੀਂ ਮਿਲੀ। ਇਸ ਤੋਂ ਵੀ ਵਧ ਤੁਹਾਡਾ ਭੁੱਖਾ ਪੇਟ ਬਗ਼ਾਵਤ ਕਰਵਾਂਦਾ ਹੈ। ਪਰ ਨਾਹਰੇ ਲਾਇਆਂ ਕੁਝ ਪ੍ਰਾਪਤ ਨਹੀਂ ਹੋਣਾ। ਦੁਖ ਤੇ ਗ਼ਰੀਬੀ ਈਸ਼ਵਰ ਦੀ ਦਾਤ ਹੈ।

ਬਾਗ਼ੀ : ਤੁਸੀਂ ਕਿਸ ਮਰਜ਼ ਦੀ ਦਵਾ ਓ?

ਰਾਜ ਮੰਤਰੀ : ਮਰਜ਼ ਤਾਂ ਤੁਸੀਂ ਹੋ, ਅਸੀਂ ਤਾਂ ਹਕੀਮ ਹਾਂ।

ਬਾਗ਼ੀ : ਨੀਮ ਹਕੀਮ !

ਰਾਜ ਮੰਤਰੀ : ਦੁਆ ਤੇ ਸੁਝਾ ਦੇਣਾ ਸਾਡਾ ਧਰਮ ਹੈ। ਅਗੇ ਸਾਧੂ ਸੰਤਾਂ ਦੀ ਸੇਵਾ ਫਲ ਲਿਆਉਂਦੀ ਸੀ, ਹੁਣ ਮੰਤਰੀਆਂ ਦਾ ਲੜ ਫੜਿਆ ਕਲਿਆਣ ਹੋਵੇਗੀ।

[ਫੇਰ "ਰਾਜ ਮੰਤਰੀ ਮੁਰਦਾਬਾਦ" ਦੇ ਨਾਹਰੇ ਲਗਦੇ ਹਨ। ]

ਰਾਜ ਮੰਤਰੀ : ਨੌਜਵਾਨੋ, ਤੁਹਾਡੇ ਗਰਮ ਲਹੂ ਦੀ ਮੈਨੂੰ ਬੇਹੱਦ ਕਦਰ ਹੈ। ਸਮੇਂ ਦੀ ਹਵਾ ਨੇ ਤਹਾਡੇ ਜਜ਼ਬੇ ਭੜਕਾ ਦਿੱਤੇ ਨੇ। ਪਰ ਸਾਡੇ ਪਾਸ ਸ਼ਾਂਤ ਕਰਨ ਦੇ ਕਈ ਮੰਤਰ ਜੰਤਰ ਹਨ।

ਬਾਗ਼ੀ : ਭਾਸ਼ਨ ਬੰਦ ਕਰੋ, ਅਸੀਂ ਬਕਵਾਸ ਸੁਣਨ ਨਹੀਂ ਆਏ।

ਪੀ. ਏ. : (ਹੌਲੀ) ਆਪਣੇ ਡਿਸਕਰੀਸ਼ਨਰੀ ਫ਼ੰਡ ਵਿਚੋਂ ਤਕੜੀ ਰਕਮ ਦਾ ਐਲਾਨ ਕਰੋ।

ਰਾਜ ਮੰਤਰੀ : ਪਿੰਡ ਵਾਸੀਓ, ਮੈਂ ਆਪਣੇ ਡਿਕਸਨਰੀ ਫੰਡ ਵਿਚੋਂ ....

[ਬਹੁਤ ਉੱਚੋ ਉੱਚੀ ਹਾਸਾ]

ਬੁਰਾ ਹੋਵੇ ਯੂਨੀਵਰਸਿਟੀ ਦੇ ਪੰਡਤਾਂ ਦਾ, ਦੁਸ਼ਟਾਂ ਨੂੰ ਰਾਤੀਂ ਨੀਂਦਰ ਨਾ ਪਵੇ, ਜਿਨ੍ਹਾਂ ਨੇ ਠੇਠ ਪੰਜਾਬੀ ਵਿਚ ਸੰਸਕ੍ਰਿਤ ਦੇ ਕਠਨ ਸ਼ਬਦ ਲਿਆ ਵਾੜੇ ਹਨ।

ਆਵਾਜ਼ : ਇਹ ਤਾਂ ਅੰਗ੍ਰੇਜ਼ੀ ਦਾ ਸ਼ਬਦ ਹੈ।

ਰਾਜ ਮੰਤਰੀ : ਬੱਚਿਓ, ਅਨਪੜ੍ਹ ਪੁਰਸ਼ ਲਈ ਕਾਲਾ ਅੱਖਰ ਮੱਝ ਬਰਾਬਰ ਹੀ ਹੁੰਦਾ ਹੈ।

ਪੀ. ਏ. : (ਹੌਲੀ) ਅਖ਼ਤਿਆਰੀ ਫੰਡ ਕਹਿ ਦਿਓ।

ਰਾਜ ਮੰਤਰੀ : ਪਿਆਰੇ ਮਿੱਤਰੋ, ਧਿਆਨ ਨਾਲ ਸੁਣੋ। ਮੈਂ ਆਪਣੇ ਅਖ਼ਤਿਆਰੀ ਫ਼ੰਡ ਵਿਚੋਂ ਵੀਹ ਹਜ਼ਾਰ ਦੀ ਰਕਮ ਪਿੰਡ ਦੀ ਬਿਹਤਰੀ ਲਈ ਦਾਨ ਕਰਦਾ ਹਾਂ।

[ਤਾਲੀਆਂ ਦੀ ਉੱਚੀ ਗੂੰਜ ਅਤੇ "ਰਾਜ ਮੰਤਰੀ ਜ਼ਿੰਦਾਬਾਦ" ਦੇ ਨਾਹਰੇ ਲਗਦੇ ਹਨ। ]

ਰਾਜ ਮੰਤਰੀ : ਸਾਥੀਓ, ਇਹ ਤਾਂ ਕੁਛ ਵੀ ਨਹੀਂ। ਮੈਂ ਤਾਂ ਆਪਣਾ ਦਿਲ ਇਸ ਪਿੰਡ ਦੇ ਹਵਾਲੇ ਕਰ ਬੈਠਾ ਹਾਂ। ਸਚ ਸਮਝੋ, ਮੇਰਾ ਹੁਣ ਇਸ ਨਗਰ ਤੋਂ ਜਾਣ ਨੂੰ ਉੱਕਾ ਜੀ ਨਹੀਂ ਕਰਦਾ। ਪਰ ਮੈਨੂੰ ਡਰ ਹੈ, ਕਲ੍ਹ ਨੂੰ ਮੇਰੀ ਕੁਰਸੀ ਖ਼ਾਲੀ ਦੇਖ ਕੇ ਮੁਖ ਮੰਤਰੀ ਮੇਰਾ ਪੱਤਾ ਨਾ ਕੱਟ ਦੇਵੇ।

[ਫੇਰ ਉੱਚੀ ਹਾਸਾ। ]

ਆਵਾਜ਼ : ਤੇਰਾ ਪੱਤਾ ਕੱਟਿਆ ਈ ਸਮਝੋ।

ਰਾਜ ਮੰਤਰੀ : ਅਗੇ ਵਾਸਤੇ ਮੈਂ ਦਿਨੇ ਚੰਡੀਗੜ੍ਹ ਤੇ ਰਾਤ ਨੂੰ ਪਿੰਡ ਵਿਚ ਬਿਸਰਾਮ ਕਰਿਆ ਕਰਾਂਗਾ। ਮੇਰਾ ਦਿਲ ਇਥੇ ਤੇ ਧੜ ਸਕੱਤਰੇਤ ਦੀ ਪੰਜਵੀਂ ਛੱਤ ਵਿਚਕਾਰ ਲਟਕਿਆ ਕਰੇਗਾ।

ਆਵਾਜ਼ਾਂ : (ਬਹੁਤ ਸਾਰੀਆਂ) ਭਾਸ਼ਨ, ਬੰਦ ਕਰੋ! ਬਕਵਾਸ ਬੰਦ ਕਰੋ!!

[ਰਾਜ ਮੰਤਰੀ ਮੁਰਦਾਬਾਦ ਦੇ ਉੱਚੀ ਨਾਹਰੇ। ਸਰੋਤਿਆਂ ਵਿਚ ਬੇਹੱਣ ਰੌਲਾ ਪੈਂਦਾ ਹੈ। ਲੋਕੀਂ ਉਠ ਖੜੇ ਹੁੰਦੇ ਹਨ। ਪੁਲੀਸ ਇਨਸਪੈਕਟਰ ਰਾਜ ਮੰਤਰੀ ਪਾਸ ਨੱਠਾ ਆਉਂਦਾ ਹੈ। ]

ਇਨਸਪੈਕਟਰ : ਜੇ ਹੁਕਮ ਹੋਵੇ ਤਾਂ ਲਾਠੀਚਾਰਜ ਕੀਤਾ ਜਾਵੇ।

ਰਾਜ ਮੰਤਰੀ : ਬਿਲਕੁਲ ਨਹੀਂ, ਹੁਸ਼ਿਆਰੀ ਤੋਂ ਕੰਮ ਲਵੋ। ਸਖ਼ਤੀ ਨਾਲ ਬਾਗ਼ੀ ਲੋਕ ਹੋਰ ਭੂਤ ਜਾਣਗੇ।

ਇਨਸਪੈਕਟਰ : ਸਰਕਾਰ ਦੀ ਜਾਨ ਨੂੰ ਸਖ਼ਤ ਖ਼ਤਰਾ ਹੈ।

ਰਾਜ ਮੰਤਰੀ : (ਸਖ਼ਤ ਘਬਰਾਹਟ ਵਿਚ) ਸਚ ਮੁੱਚ?

ਇਨਸਪੈਕਟਰ: ਹਜ਼ੂਰ ਦੀ ਜਾਨ ਸਲਾਮਤ ਰਹਿਣੀ ਜ਼ਰੂਰੀ ਹੈ।

ਰਾਜ ਮੰਤਰੀ : ਬਿਲਕੁਲ ਠੀਕ। ਜੇ ਸਾਡੀ ਹੀ ਜਾਨ ਖ਼ਤਰੇ ਵਿਚ ਹੋਈ ਫੇਰ ਰਾਜ ਕਾਜ ਕਿੱਦਾਂ ਚਲੇਗਾ। ਅੱਛਾ, ਅੱਥਰੂ ਗੈਸ ਦਾ ਇਸਤੇਮਾਲ ਕਰੋ।

ਚੰਨਣ : (ਮੋਢਾ ਹਲੂਣਦਾ ਹੋਇਆ) ਭਲਵਾਨਾ, ਚੰਗਾ ਹੱਥ ਖੇਡਿਆ ਈ।

ਭਲਵਾਨ : ਮੁਆਫ਼ ਕਰਨਾ, ਮੈਂ ਕਾਹਲ ਵਿਚ ਸਭ ਕੁਛ ਭੁੱਲ ਗਿਆ, ਝਟ ਪਟ ਪਿਛਲੇ ਪਾਸੇ ਆ, ਹਥ ਮਿਲਾ ਦਿਆਂ।

ਚੰਨਣ : (ਗੁੱਸੇ ਨਾਲ) ਮੈਨੂੰ ਨਹੀਂ ਲੋੜ, ਮੇਰੇ ਪੈਸੇ ਕੱਢ, ਨਹੀਂ ਤਾਂ ਮੈਂ ਭੰਡੀ ਕਰਾਂਗਾ।

ਭਲਵਾਨ : (ਗਰਦਨ ਤੋਂ ਫੜ ਕੇ) ਭੱਜ ਜਾ, ਨਹੀਂ ਤਾਂ ਹੱਥਕੜੀ ਲੁਆ ਦਿਆਂਗਾ।

ਕਵੀਸ਼ਰ : ਭਲਵਾਨਾ, ਮੇਰੇ ਰਾਜ ਕਵੀ ਹੋਣ ਦਾ ਐਲਾਨ ਕਿੱਥੇ ਗਿਆ?

ਭਲਵਾਨ: ਤੂੰ ਰਾਜ ਕਵੀ ਨੂੰ ਰੋਂਦੈਂ, ਇਥੇ ਜਾਨ ਦੇ ਲਾਲੇ ਪਏ ਹੋਏ ਨੇ।

ਕਵੀਸ਼ਰ : ਫੇਰ ਮੈਂ ਬਾਗ਼ੀਆਂ ਨਾਲ ਰਲਦਾ ਹਾਂ। (ਉੱਚਾ ਹੱਥ ਕਰ ਕੇ) "ਰਾਜ ਮੰਤਰੀ ਮੁਰਦਾਬਾਦ", "ਰਾਜ ਮੰਤਰੀ ਮੁਰਦਾਬਾਦ"।

ਇਨਸਪੈਕਟਰ : (ਸੀਟੀ ਮਾਰ ਕੇ) ਪਹਿਲਾਂ ਓਸ ਮੂਰਖ ਨੂੰ ਕਾਬੂ ਕਰੋ।

[ਸਿਪਾਹੀ ਮੰਚ ਵੱਲ ਨੱਸੇ ਜਾਂਦੇ ਹਨ। ਉਨ੍ਹਾਂ ਦੀ ਓਟ ਵਿਚ ਰਾਜ ਮੰਤਰੀ ਲਾਜੋ ਦਾ ਹੱਥ ਫੜ ਕੇ ਮੰਚ ਦੇ ਪਿਛਲੇ ਪਾਸੇ ਵਲ ਸਿਰ ਝੁਕਾਈ ਨੱਸਾ ਜਾਂਦਾ ਹੈ। ]

ਸਖ਼ਤ ਸ਼ੋਰ ਸ਼ਾਬੇ ਦੀ ਹਾਲਤ ਵਿਚ ਝਟ ਪਟ ਹਨੇਰਾ ਹੁੰਦਾ ਹੈ। ਮੰਦਰ ਵਿਚੋਂ ਘੰਟੀਆਂ ਦੀ ਆਵਾਜ਼ ਆਉਂਦੀ ਹੈ।

ਡੇਰੇ ਦਾ ਕੁੱਤਾ ਜ਼ੋਰ ਦੀ ਭੌਂਕਦਾ ਹੈ।

# ਦਿਨ ਦਾ ਚੜ੍ਹਾਅ

[ਦਿਨ ਦਾ ਚੜ੍ਹਾਅ ਰਲੀ ਦੀ ਸਹਾਇਤਾ ਨਾਲ ਦਿਖਾਇਆ ਜਾ ਸਕਦਾ ਹੈ। ]

ਤਖ਼ਤ ਪਿਸ਼ ਉਤੇ ਮਹੰਤ ਚਰਨ ਦਾਸ ਲੰਮੀਆਂ ਤਾਣੀ ਸੁੱਤਾ ਪਿਆ ਹੈ। ਉਹ ਦਰਮਿਆਨੇ ਕੱਦ ਦਾ, ਪਰ ਦੇਹੀ ਪਿੰਡੇ ਭਾਰੀ ਬੰਦਾ ਹੈ। ਉਸ ਦਾ ਸੱਜਾ ਹੱਥ ਛਾਤੀ ਉੱਤੇ ਹੈ। ਉਹ ਬੁੜ ਬੁੜਾ ਰਿਹਾ ਹੈ, ਜਿਸ ਤੋਂ ਡਰ ਤੇ ਘਬਰਾਹਟ ਦੇ ਭਾਵ ਪ੍ਰਗਟ ਹੁੰਦੇ ਹਨ।

[ਉਸ ਦਾ ਚੇਲਾ ਸਾਧੂ ਅੰਦਰੋਂ ਨੱਸਾ ਆਉਂਦਾ ਹੈ। ]

ਸਾਧੂ : (ਜਗਾਉਂਦਾ ਹੋਇਆ) ਗੁਰੂ ਜੀ, ਗੁਰੂ ਜੀ! ਜਾਗੋ ਛੇਤੀ !! ਪੁਲਸ !!!

[ਮਹੰਤ ਦੇ ਸਿਰਹਾਣੇ ਹੇਠੋਂ ਇਕ ਵੱਡੀ ਸਾਰੀਅ ਗੰਢ ਚੁੱਕ ਕੇ ਅੰਦਰ ਵਲ ਨੱਸਣ ਲਗਦਾ ਹੈ। ਥਾਣੇਦਾਰ ਦੂਰੋਂ ਦਬਕਾ ਮਾਰਦਾ ਹੈ। ]

ਥਾਣੇਦਾਰ: (ਪਸਤੌਲ ਤਾਣ ਕੇ) ਓਇ, ਥਾਂ ਖੜੋ ਜਾ!

ਸਾਧੂ : ਜੀ, ਜੀ, ਮੈਂ! ਗੁਰੂ ....

ਥਾਣੇਦਾਰ : ਜੀ ਜੀ ਦੇ ਬੱਚੇ, ਜੋ ਹਿੱਲਿਅ ਤਾਂ ਗੋਲੀ ਮਾਰਾਂਗਾ।

[ਥਾਣੇਦਾਰ ਝਟਕੇ ਨਾਲ ਉਸ ਹੱਥੋਂ ਗੰਢ ਖੋਹ ਲੈਂਦਾ ਹੈ। ]

ਥਾਣੇਦਾਰ : ਬੰਤਿਆ, ਦੇਖ ਇਸ ਵਿਚ ਕੀ ਐ?

ਬੰਤਾ : ਅਫ਼ੀਮ ਐ ਜਨਾਬ, ਮੈਂ ਤਾਂ ਮੀਲ ਪੱਕੇ ਤੋਂ ਮਹਿਕ ਤਾੜ ਲੈਂਦਾਂ।

ਥਾਣੇਦਾਰ : ਓਇ, ਤੂੰ ਫੇਰ ਮਰ ਲਈਂ, ਪਹਿਲਾਂ ਇਹਨੂੰ ਕਾਬੂ ਕਰ।

ਸਾਧੂ : ਕਿਹਨੂੰ ਮੈਨੂੰ? ਮੈਂ ਕੀ ਕੀਤਾ? ਗੁਰੂ ਜੀ ਪੁਲਸ।

ਥਾਣੇਦਾਰ : (ਪਸਤੌਲ ਤਾਣ ਕੇ) ਚੱਪ ਕਰਦਾ ਏਂ ਕਿ ਨਹੀਂ ?

ਮਹੰਤ : (ਸੁੱਤੀ ਹਾਲਤ ਵਿਚ) ਰਾਜ ਮੰਤਰੀ ਦੀ ਕੋਠੀ ਵਿਚ ਪੁਲਸ ਦਾ ਕਿਆ ਕੰਮ।

ਥਾਣੇਦਾਰ : ਹੈਂ! ਰਾਜ ਮੰਤਰੀ ? (ਸੋਚ ਕੇ) ਹੂੰ ਸਮਝ ਗਿਆ!

ਮਹੰਤ : ਮੇਰੇ ਹੁਕਮ ਤੋਂ ਬਿਨਾ ਪੁਲਸ ਕਿਉਂ ਦਾਖਲ ਹੋਈ ਹੈ?

ਥਾਣੇਦਾਰ : (ਮਹੰਤ ਦੇ ਸਿਰਹਾਣੇ ਹੇਠੋਂ ਪਸਤੌਲ ਕਾਬੂ ਕਰਦਾ ਹੋਇਆ) ਸਰਕਾਰ ਦੇ ਹੁਕਮ ਦੇ ਬੱਧੇ ਹੀ ਆਏ ਆਂ।

ਮਹੰਤ : ਮੈਂ ਕੋਈ ਹੁਕਮ ਨਹੀਂ ਦਿੱਤਾ। ਝੂਠ ਬਕਦਾ ਏਂ ? ਕੁਫ਼ਰ ਤੋਲਣਾ ਤੁਹਾਡਾ ਕਿੱਤਾ ਹੈ। ਜਨਤਾ ਨੂੰ ਖ਼ਾਹਮਖ਼ਾਹ ਤੰਗ ਕਰਨਾ ਤੁਹਾਡਾ ਪੇਸ਼ਾ ਹੈ। ਮੈਂ ਅੱਜ ਹੀ ਤੈਨੂੰ ਖ਼ਾਰਜ ਕਰਦਾ ਹਾਂ। ਕਿਆ ਨਾਮ ਹੈ ਤੇਰਾ?

ਥਾਣੇਦਾਰ : ਸਰਕਾਰ, ਮੇਰਾ ਨਾਮ ਬੀਰਇੰਦਰ ਸਿੰਘ ਹੈ।

ਮਹੰਤ : ਮੇਰੇ ਪੀ. ਏ. ਨੂੰ ਬੁਲਾ, ਮੈਂ ਹੁਣੇ ਹੁਕਮ ਲਿਖਾਂਦਾ ਹਾਂ।

ਥਾਣੇਦਾਰ : ਸਰਕਾਰ, ਆਪਣ ਹੱਥੀਂ ਆਪ ਫਾਹਾ ਕਿਦਾਂ ਲਵਾਂ।

ਮਹੰਤ : ਹੁਕਮ ਅਦੂਲੀ ਕਰ ਰਿਹਾਂ? ਦੂਜਾ ਜੁਰਮ।

ਸਾਧੂ: ਗੁਰੂ ਜੀ ਅੱਖਾਂ ਖੋਲ੍ਹੋ, ਮੈਨੂੰ ਫੜੀ ਖੜੇ ....

ਮਹੰਤ : ਕਲਮ ਫੜੀ ਖੜਾ ਹੈਂ। ਫੇਰ ਲਿਖ, ਨਾਲਾਇਕ ਥਾਣੇਦਾਰ ਬੀਰਇੰਦਰ ਸਿੰਘ ਨੂੰ ਇਸੇ ਵਕਤ ਖ਼ਾਰਜ ਕੀਤਾ ਜਾਂਦਾ ਹੈ।

ਥਾਣੇਦਾਰ : (ਮਸਕਰਾਂਦਾ ਹੋਇਆ) ਰਾਜ ਮੰਤਰੀ ਜੀ, ਗ਼ਲਤੀ ਮੁਆਫ਼ ਕਰੋ, ਫੇਰ ਨਹੀਂ ਸਰਕਾਰ ਦੇ ਆਰਾਮ ਵਿਚ ਖਲਲ ਪਾਂਦਾ।

ਮਹੰਤ : ਮੈਂ ਦੋਸ਼ੀ ਨੂੰ ਮੁਆਫ਼ ਕਰਨਾ ਨਹੀਂ ਸਿਖਿਆ। ਤੇਰੇ ਜਹੇ ਬਦਮਾਸ਼ਾਂ ਨੂੰ ਮੈਂ ਖੁੱਡੇ ਲਾਈਨ ਲਾਉਂਦਾ ਹਾਂ। ਤੈਨੂੰ ਗੁਸਤਾਖ਼ੀ ਦਾ ਉਮਰ ਭਰ ਲਈ ਸਬਕ ਸਿਖਾਵਾਂਗਾ। ਕਿਸ ਠਾਦੇ ਲੱਗਾ ਹੋਇਆ ਹੈਂ ਤੂੰ?

ਥਾਣੇਦਾਰ : ਮਹੰਤ ਚਰਨ ਦਾਸ ਦੇ ਡੇਰੇ ਜਨਾਬ।

ਮਹੰਤ : ਕਿਆ ਕਿਹਾ? ਚਰਨ ਦਾਸ ਦੇ ਡੇਰੇ! ਮੈ ਜਾਗਦਾ ਹਾਂ ਕਿ ਸੁੱਤਾ?

ਥਾਣੇਦਾਰ : ਸੌਣਾ ਸਚ ਤੇ ਜੀਣਾ ਝੂਠ ਹੈ ਜਨਾਬ।

ਮਹੰਤ : (ਬੈਠਦਾ ਹੋਇਆ ਆਕੜ ਭੰਨ ਕੇ) ਆਹਾ! ਕੈਸਾ ਮਜ਼ੇਦਾਰ ਸੁਫ਼ਨਾ ਆ ਰਿਹਾ ਸੀ।

ਸਾਧੂ : (ਭੁੱਬ ਮਾਰ ਕੇ) ਗੁਰੂ ਜੀ!

ਮਹੰਤ : ਕੌਣ ਹੈਂ? (ਝਟ ਪਟ ਸਿਰਹਾਣੇ ਹੇਠ ਹੱਥ ਮਾਰਦਾ ਹੈ)

ਥਾਣੇਦਾਰ : (ਮਖ਼ੌਲ ਨਾਲ ਝੁਕ ਕੇ) ਜਨਾਬ ਦਾ ਖ਼ਾ;ਦਮ।

ਮਹੰਤ : (ਹਾਲਤ ਨੂੰ ਸਮਝਦਾ ਹੋਇਆ) ਅੱਛਾ, ਠਾਣੇਦਾਰ ਸਾਹਿਬ ਨੇ, ਮੁਆਫ਼ ਕਰਨਾ ਤੁਹਾਨੂੰ ਖੜਨਾ ਪਿਆ ਹੈ। ਅਸਲ ’ਚ ਰਾਤ ਅੰਨ ਪਾਣੀ ਕੁਛ ਜ਼ਿਆਦਾ ਛਕਿਆ ਗਿਆ।

ਥਾਣੇਦਾਰ : ਕੌੜਾ ਪਾਣੀ ਕਿ ਮਿੱਠਾ ਜਨਾਬ।

ਮਹੰਤ : ਐਸੀ ਗੂਹੜੀ ਨੀਂਦ ਆਈ ਪੁੱਛੋ ਨਾ। ਬੜੇ ਅਜੀਬ ਅਜੀਬ ਸੁਫ਼ਨੇ ਆਏ। ਨਰਾਇਣ ਸਾਖੀ ਹੈ ਇਕੋ ਰਾਤ ਵਿਚ ਭੂਤ, ਵਰਤਮਾਨ ਤੇ ਭਵਿੱਖ ’ਚ ਜੀ ਕੇ ਦੇਖ ਲਿਆ। ਜ਼ਿੰਦਗੀ ਦਾ ਪੂਰਾ ਨੰਦ ਮਾਣ ਲਿਆ, ਜ਼ਿੰਦਗੀ ਵੀ ਤਾਂ ਸੁਫ਼ਨੇ ਦੀ ਨਿਆਈਂ ਛਿੰਨ ਭੰਗਰੀ ਹੈ। ਕਿਸੇ ਕਵੀਸ਼ਰ ਨੇ ਸੱਚ ਕਿਹਾ ਹੈ:

ਸੁਫ਼ਨਿਆਂ, ਤੂੰ ਸੁਲਤਾਨ ਹੈਂ ਉੱਤਮ ਤੇਰੀ ਜ਼ਾਤ,
ਸੌ ਬਰਸਾਂ ਦੇ ਵਿਛੜੇ ਆਣ ਮਲਾਵੇ ਰਾਤ।

ਥਾਣੇਦਾਰ : ਜਨਾਬ, ਉਹ ਮਜ਼ੇਦਾਰ ਸੁਫ਼ਨਾ ਸੁਣਾਨ ਵਾਲਾ ਨਹੀਂ?

ਮਹੰਤ : ਸਾਧੂ, ਕੋਈ ਵਧੀਆ ਜਿਹੀ ਚੀਜ਼ ਪਿਆ ਠਾਣੇਦਾਰ ਸਾਹਿਬ ਨੂੰ। ਉਹ ਜਿਹੜੀ ਕਲ੍ਹ ਕੱਢੀ ਸੀ।

ਥਾਣੇਦਾਰ : ਜਨਾਬ, ਇਸੇ ਕਰਕੇ ਤਾਂ ਸਵੇਰੇ ਸਵੇਰੇ ਹਾਜ਼ਰ ਹੋਏ ਆਂ।

ਮਹੰਤ : ਸਾਧੂ ਦੇ ਬੱਚੇ, ਬੋਲਾ ਹੋ ਗਿਆ ਹੈਂ? ਛੇਤੀ ਲਿਆ।

ਸਾਧੂ : (ਰੋਣੀ ਆਵਾਜ਼ ਵਿਚ) ਗੁਰੂ ਜੀ, ਮੈਂ ਤਾਂ ਤੁਹਾਡੇ ਪਿਛੇ ....

ਮਹੰਤ : (ਦੇਖ ਕੇ ਬੜੇ ਰੋਹਬ ਨਾਵਲ) ਹੈਂ! ਇਹਨੂੰ ਕਿਹਨੇ ਬੰਨ੍ਹਿਐ?

ਥਾਣੇਦਾਰ : ਇਸ ਹੱਥੋਂ ਇਹ ਗੰਢੜੀ ਫੜੀ ਗਈ ਹੈ। ਲੈ ਕੇ ਨੱਸਾ ਜਾ ਰਿਹਾ ਸੀ।

ਮਹੰਤ : ਡੇਰੇ ਤੋਂ ਬਾਹਰ? ਕਿਉਂ ਓਇ ਚੋਰਾ?

ਥਾਣੇਦਾਰ : ਕਿਤੇ ਤੁਹਾਡੀ ਤਾਂ ਨਹੀਂ, ਗਹੁ ਨਾਲ ਦੇਖ ਲਵੋ।

ਮਹੰਤ : ਬਿਲਕੁਲ ਨਹੀਂ, ਸਾਡੇ ਸਾਰੇ ਬਸਤਰ ਭਗਵੇ ਨੇ।

ਥਾਣੇਦਾਰ : ਪਰ ਸਾਧੂ ਤਾਂ ਕਹਿੰਦਾ ਹੈ .....

ਮਹੰਤ : ਝੂਠ ਬਕਦਾ ਹੈ। (ਉਸ ਨੂੰ ਘੂਰਦਾ ਹੋਇਆ) ਕਿਉਂ ਓਇ ਨਿਮਲ ਹਰਾਮ?

ਸਾਧੂ : ਗੁਰੂ ਜੀ, ਮੈਂ ਕੁਛ ਨਹੀਂ ਕਿਹਾ।

ਮਹੰਤ : ਕੋਈ ਭਗਤ ਧੋਖਾ ਦੇ ਗਿਆ ਮਲੂੰਮ ਹੁੰਦਾ ਹੈ। ਸਾਧਾਂ ਦੇ ਡੇਰੇ ਵਿਚ ਫ਼ੀਮ ਦਾ ਕਿਆ ਕੰਮ।

ਥਾਣੇਦਾਰ : ਤੁਹਾਨੂੰ ਕਿੱਦਾਂ ਪਤਾ ਕਿ ਇਸ ਵਿਚ ਅਫ਼ੀਮ ਹੈ?

ਮਹੰਤ : ਤੁਸਾਂ ਖ਼ੁਦ ਕਿਹਾ ਹੈ।

ਥਾਣੇਦਾਰ : ਝੂਠਾ!

ਮਹੰਤ : ਠਾਣੇਦਾਰਾ, ਮੂੰਹ ਸੰਭਾਲ ਕੇ ਗੱਲ ਕਰ, ਕੌੜੇ ਬਚਨ ਦਾ ਬੋਲ, ਪਛੋਤਾਵੇਂਗਾ।

ਥਾਣੇਦਾਰ : ਮਹੰਤਾ, ਤੂੰ ਵੀ ਸਿੱਧੀ ਤਰ੍ਹਾਂ ਗੱਲ ਕਰ, ਤੇਰੇ ਢੋਲ ਦਾ ਪੋਲ ਖੁਲ੍ਹ ਚੁੱਕਾ ਹੈ।

ਮਹੰਤ : (ਅੱਖਾਂ ਨਾਲ ਤਾੜ ਕੇ) ਕਿਆ ਕਿਹਾ? ਕਿਆ ਮਤਲਬ ਹੈ ਤੇਰਾ?
ਕਿਆ ਚਾਹੁੰਦਾ ਹੈਂ ਤੂੰ?

ਥਾਣੇਦਾਰ : ਤੇਰੇ ਡੇਰੇ ਦੀ ਤਲਾਸ਼ੀ ਲੈਣ ਆਏ ਹਾਂ। ਆਹ ਦੇਖ ਵਰੰਟ।

ਮਹੰਤ : ਹੈਂ! ਡੇਰੇ ਦੀ ਤਲਾਸ਼ੀ? ਕਦੇ ਅਗੇ ਨਾ ਪਿਛੇ।

ਥਾਣੇਦਾਰ : (ਹੱਸਦਾ ਹੋਇਆ( ਸੌ ਦਿਨ ਚੋਰ ਦੇ ਇਕ ਦਿਨ ਥਾਣੇਦਾਰ ਦਾ।

ਮਹੰਤ : ਕਿਆ ਤੁਹਾਨੂੰ ਪਿਛਲੇ ਮਹੀਨੇ ਦਾ ਹਿੱਸਾ ਪੱਤੀ ਨਹੀਂ ਪੁੱਜਾ?

ਥਾਣੇਦਾਰ : ਮਹੰਤਾ, ਕਿਹਦੇ ਨਾਲ ਗੱਲਾਂ ਕਰ ਰਿਹਾਂ।

ਮਹੰਤ : ਕਿਆ ਠਾਣੇਦਾਰ ਨੱਥਾ ਸਿੰਘ ਬਦਲ ਗਿਆ?

ਥਾਣੇਦਾਰ : ਮਲੂਮ ਹੰਦਾ ਹੈ ਅਜੇ ਵੀ ਤੇਰੀ ਜਾਗ ਨਹੀਂ ਖੁੱਲ੍ਹੀ।

ਮਹੰਤ : ਹੁਕਮ ਕਰੋ! ਸਭ ਕੁਛ ਤੁਹਾਡੀ ਮਰਜ਼ੀ ਨਾਲ ਹੋਵੇਗਾ। ਜਿੰਨੀ ਰਕਮ ਕਹੋ ਵਧਾ ਦਿੰਦੇ ਆਂ।

ਥਾਣੇਦਾਰ : ਤੇਰੇ ਨਾਲ ਰਿਆਇਤ ਕਰਕੇ ਅਸੀਂ ਮਰਨਾ ਏਂ। ਸ਼ਿਕਾਇਤ ਧੁਰ ਉੱਪਰ ਤਕ ਪੁੱਜੀ ਹੋਈ ਏ। ਬੰਤਿਆ, ਠੋਕ ਇਹਨੂੰ ਹੱਥਕੜੀ।

ਮਹੰਤ : (ਗੁੱਸੇ ਨਾਲ) ਸਾਧੂ, ਡਾਕਖਾਨੇ ਜਾ ਕੇ ਦਿਲ ਸਾਹਿਬ ਨੂੰ ਫੋਨ ਕਰ।

ਥਾਣੇਦਾਰ : (ਉੱਚੀ ਹੱਸਦਾ ਹੋਇਆ) ਮਹੰਤਾ, ਦਿਲ ਦੀ ਵਜ਼ਾਰਤ ਟੁੱਟ ਚੁੱਕੀ ਹੈ।

ਮਹੰਤ : ਅੱਛਾ! ਖ਼ੈਰ ਕਿਸੇ ਦੀ ਵੀ ਵਜ਼ਾਰਤ ਹੋਵੇ ਸਾਨੂੰ ਇਨ੍ਹਾਂ ਬਾਤਾਂ ਨਾਲ ਕਿਆ। ਅਸੀਂ ਚੋਰੀ ਨਹੀਂ ਕਰਦੇ, ਡਾਕੇ ਨਹੀਂ ਮਾਰਦੇ। ਭਰਿਸ਼ਟਾਚਾਰ ਨਹੀਂ ਕਰਦੇ, ਲੋਕਾਂ ਦਾ ਕਸ਼ਟ ਨਿਵਾਰਨ ਲਈ ਦਿਨ ਰਾਤ ਤਪੱਸਿਆ ਕਰਦੇ ਆਂ।

ਥਾਣੇਦਾਰ : ਕੋਈ ਸ਼ੱਕ ਨਹੀਂ! (ਬੰਤੇ ਨੂੰ) ਖੜਾ ਕੀ ਝਾਕਦੈਂ, ਕਾਬੂ ਕਰ ਇਹਨੂੰ।

ਮਹੰਤ : (ਤਲਖ਼ੀ ਨਾਲ) ਥਾਣੇਦਾਰਾ, ਸੋਚ ਸਮਝ ਕੇ ਕਾਰਵਾਈ ਕਰੀਂ। ਕਲ੍ਹ ਨੂੰ ਤੈਨੂੰ ਵੀ ਲੇਖਾ ਦੇਣਾ ਪਵੇਗਾ।

ਥਾਣੇਦਾਰ : (ਪਸਤੌਲ ਦੇ ਇਸ਼ਾਰੇ ਨਾਲ) ਪਹਿਲਾਂ ਤੂੰ ਤਾਂ ਆਪਣੀ ਕੀਤੀ ਭੁਗਤ।

ਮਹੰਤ : ਲੈ ਚਲ ਜਿਥੇ ਲਿਜਾਣਾ ਏਂ, ਕੋਈ ਗ਼ਮ ਨਹੀਂ, ਬਥੇਰੇ ਸੁਖ ਭੋਗ ਲਏ ਨੇ।

ਥਾਣੇਦਾਰ : ਚਲ ਫੇਰ ਅਜ ਹਵਾਲਾਟ ਦਾ ਮਜ਼ਾ ਵੀ ਚੱਖ।

ਮਹੰਤ : ਫੁੱਲ ਨਾਲ ਕੰਡੇ ਤਾਂ ਹੁੰਦੇ ਹੀ ਨੇ। ਲੈ ਚਲ ਜਿਥੇ ਲਿਜਾਣਾ, ਸਾਡਾ ਪਿੱਛਾ ਕਰਨ ਵਾਲੇ ਵੀ ਬੜੇ ਭਗਤ ਬੈਠੇ ਨੇ।

ਥਾਣੇਦਾਰ : (ਬੰਤੇ ਨੂੰ) ਦੋਹਾਂ ਨੂੰ ਸਾਂਝੀ ਹੱਥਕੜੀ ਠੋਕ ਲੈ। ਨਾਲੇ ਪਿੰਡ ਵਿਚ ਦੀ ਚਲਣਾ, ਲੋਕਾਂ ਨੂੰ ਮਹੰਤ ਦੀ ਪਾਰਸਾਈ ਦਾ ਪਤਾ ਲਗ ਜਾਵੇ। ਤੇ ਸਾਧ ਦਾ ਭੂਤ ਨੰਗਾ ਹੋ ਜਾਏ।

ਮਹੰਤ : ਠਾਣੇਦਾਰਾ, ਜਿਹੜੇ ਮੌਜਾਂ ਲੈਣ ਜਾਣਦੇ ਨੇ, ਉਹ ਕਸ਼ਟ ਸਹਿਣਾ ਵੀ ਜਾਣਦੇ ਨੇ। ਜ਼ਰਾ ਠਹਿਰ।

ਬੰਤਾ : ਤੁਰਦੈਂ ਕਿ ਨਹੀਂ ਸਿੱਧੀ ਤਰ੍ਹਾਂ।

ਮਹੰਤ : ਠਾਣੇਦਾਰਾ, ਇਕ ਗੱਲ ਤਾਂ ਫਾਹੇ ਲਗੇ ਬੰਦੇ ਦੀ ਵੀ ਸੁਣੀ ਜਾਂਦੀ ਹੈ।

[ਹਸਰਤ ਭਰੀਆਂ ਨਜ਼ਰਾਂ ਨਾਲ ਤੱਕਦਾ ਹੈ। ]

ਥਾਣੇਦਾਰ : ਮਹੰਤਾ, ਰੰਗ ਤਮਾਸ਼ੇ ਦੇਖ ਕੇ ਹਾਲੇ ਅੱਖਾਂ ਰੱਜੀਆਂ ਨਹੀਂ?

ਮਹੰਤ : ਠਾਣੇਦਾਰਾ, ਇਹੋ ਤਾਂ ਦੁਖ ਹੈ, ਨਾ ਅੱਖਾਂ ਰੱਜਦੀਆਂ ਨੇ, ਨਾ ਤ੍ਰਿਸ਼ਨਾ ਬੁੱਝਦੀ ਹੈ। ਜ਼ਿੰਦਗੀ ਖ਼ਾਹਸ਼ਾਂ ਭਰੀ ਭਟਕਣ ਹੈ।

ਥਾਣੇਦਾਰ : ਮਹੰਤਾ, ਹੈਂ ਤਾਂ ਤੂੰ ਰੰਗੀਲਾ ਬੰਦਾ, ਪਰ ਗ਼ਲਤ ਰਸਤੇ ਪੈ ਗਿਐਂ।

ਮਹੰਤ : ਠਾਣੇਦਾਰਾ, ਸਾਡੇ ਨਾਲ ਭਾਈਵਾਲੀ ਪਾਉਂਦਾ ਤਾਂ ਜਾਣਦਾ। ਤੂੰ ਸਾਡਾ ਅਜੇ ਦੇਖਿਆ ਈ ਕਿਆ ਹੈ।

ਥਾਣੇਦਾਰ: (ਵਿਅੰਗ ਨਾਲ) ਬਥੇਰੀ ਸੋਭਾ ਸੁਣ ਚੁੱਕੇ ਆਂ। (ਬੰਤੇ ਨੂੰ) ਹੁਣ ਤੋਰ ਇਨ੍ਹਾਂ ਨੂੰ।

[ਇੰਨੇ ਨੂੰ ਡੇਰੇ ਅੰਦਰੋਂ ਉੱਚੀ ਉੱਚੀ ਚੀਕਾਂ ਦੀ ਆਵਾਜ਼ ਆਉਂਦੀ ਹੈ, ਜਿਵੇਂ ਕੋਈ ਔਰਤ ਜਾਨ ਬਚਾਣ ਲਈ ਘੋਲ ਕਰ ਰਹੀ ਹੁੰਦੀ ਹੈ। ]

ਥਾਣੇਦਾਰ : (ਉੱਚੀ ਚੀਕ ਕੇ) ਕੌਣ ਹੈ ਅੰਦਰ? ਛਡ ਦਿਓ, ਵਰਨਾ ਆਈ ਊ ਗੋਲੀ!

[ਪਸਤੌਲ ਦਾ ਫੋਕਾ ਫ਼ਾਇਰ ਕਰਦਾ ਹੈ। ਝਟ ਪਿੱਛੋਂ ਗੁਰਾਂ ਅਤੀ ਖ਼ਸਤਾ ਹਾਲਤ ਵਿਚ ਲੜਖੜਾਂਦੀ ਬਾਹਰ ਆਉਂਦੀ ਹੈ। ਉਸ ਦੀ ਹਾਲਤ ਦੇਖ ਕੇ ਲੂੰ ਕੰਡੇ ਖੜੇ ਹੁੰਦੇ ਹਨ। ]

ਗੁਰਾਂ : (ਧਾਹ ਮਾਰ ਕੇ) ਠਾਣੇਦਾਰ ਜੀ, ਮੈਨੂੰ ਬਚਾਓ।

ਥਾਣੇਦਾਰ : (ਮਹੰਤ ਦੇ ਹੁੱਝ ਮਾਰਦਾ ਹੋਇਆ) ਕੌਣ ਹੈ ਇਹ?

ਮਹੰਤ : ਪਾਗਲ ਲੜਕੀ।

ਥਾਣੇਦਾਰ : ਇਸ ਦੇ ਪਾਗਲਪੁਣੇ ਦਾ ਕੌਣ ਜ਼ਿੰਮੇਵਾਰ ਹੈ?

ਗੁਰਾਂ : (ਕਚੀਚੀ ਵਟ ਕੇ ਇਸ਼ਾਰੇ ਨਾਲ) ਇਹ ਬਦਮਾਸ਼!

ਥਾਣੇਦਾਰ : ਕਿਉਂ ਉਇ ਮਹੰਤਾ!

ਮਹੰਤ: ਬਕਦੀ ਹੈ!

ਗੁਰਾਂ : (ਕਚੀਚੀ ਵਟ ਕੇ) ਠਾਣੇਦਾਰ ਜੀ, ਏਸ ਪਾਪੀ ਹਤਿਆਰੇ ਨੂੰ ਸੰਗਲਾਂ ਨਾਲ ਨੂੜੋ।

ਮਹੰਤ : (ਘੂਰਦਾ ਹੋਇਆ) ਬੇਸ਼ਰਮੇ, ਦੱਸਾਂ ਤੈਨੂੰ?

ਗੁਰਾਂ : ਦੁਸ਼ਟਾ, ਚਿਤ ਕਰਦਾ ਤੇਰੇ ਆਨੇ ਬਾਹਰ ਕਢ ਦਿਆਂ। ਇਹਨੂੰ ਕੱਸ ਕੇ ਬੰਨ੍ਹੋ, ਏਸ ਮੁਸ਼ਟੰਡੇ ਨੇ ਕਈਆਂ ਦੇ ਜੀਵਨ ਨਸ਼ਟ ਕੀਤੇ ਨੇ।

ਪਰੇਮੋ : ਨੀ ਸਿਰ ਮੁੰਨੀਏ, ਨਿਖਸਮੀ ਘੋੜੀਏ, ਕਿਧਰ ਮਰ ਗਈ ਏਂ, ਠਹਿਰ ਤੇਰੀਆਂ ਟੰਗਾਂ ਭੰਨਾਂ। ਬਚ ਕੇ ਹੁਣ ਜਾਏਂਗੀ ਕਿੱਥੇ।

[ਥਾਣੇਦਾਰ ਨੂੰ ਦੇਖ ਕੇ ਅੰਦਰ ਵਲ ਨੱਸਣ ਲਗਦੀ ਹੈ। ]

ਥਾਣੇਦਾਰ : (ਦਬਕਾ ਮਾਰ ਕੇ) ਬੁੱਢੀਏ, ਖੜੀ ਹੋ ਜਾ। ਨਹੀਂ ਤਾਂ ਆਈ ਊ ਗੋਲੀ।

ਬੰਤਾ : ਸਾਰੇ ਕਾਰੇ ਏ। ਫਫੇ ਕੁਟਨੀ ਦੇ ਨੇ।

ਪਰੇਮੋ : ਵੇ ਭਾਈ, ਕਿਉਂ ਕੁਫ਼ਰ ਤੋਲਦਾ ਏਂ।

ਬੰਤਾ : ਬੁੱਢੀਏ, ਰਾਤ ਵਾਲੇ ਮੁਸਾਫ਼ਰ ਨੂੰ ਪਛਾਣਦੀ ਨਹੀਂ।

ਪਰੇਮੋ : ਹੈਂ! ਵੇ ਬੂਛਰਾ, ਤੂੰ?

[ਚੋਰ ਅੱਖ ਨਾਲ ਮਹੰਤ ਵਲ ਦੇਖਦੀ ਏ। ਉਹ ਕੋਈ ਇਸ਼ਾਰਾ ਕਰਦਾ ਹੈ। ]

ਸਾਧੂ : ਆਵਾਜ਼ ਤਾਂ ਮੈਂ ਵੀ ਪਛਾਣਦਾ ਸਾਂ।

ਥਾਣੇਦਾਰ : ਜੇ ਰਾਤ ਇਨ੍ਹਾਂ ਦੀ ਟਹਿਲ ਸੇਵਾ ਕਰ ਦਿੰਦੇ ਤਾਂ ਇਨ੍ਹਾਂ ਸਾਨੂੰ ਕਿੱਥੇ ਭੇਦ ਦੇਣਾ ਸੀ।

ਮਹੰਤ : ਹੁਣ ਕਸਰ ਪੂੀ ਕਰ ਦੇਂਦੇ ਆਂ।

ਥਾਣੇਦਾਰ : ਹੁਣ ਤਾਂ ਸਾਡਾ ਫ਼ਰਜ਼ ਹੈ ਤੁਹਾਡੀ ਸੇਵਾ ਕਰਨਾ।

ਬੰਤਾ : ਥਾਣੇਦਾਰ ਜੀ, ਏਸ ਟਹਿਲਣ ਨੂੰ ਮਹੰਤ ਦੇ ਲਾਗੇ ਹੀ ਰੱਖਣਾ।

ਥਾਣੇਦਾਰ : (ਹੱਸਦਾ ਹੋਇਆ) ਜ਼ਰੂਰ, ਜ਼ਰੂਰ ! ਹੁਣ ਇਨ੍ਹਾਂ ਨੂੰ ਤੋਰ।

ਬੰਤਾ : ਜਨਾਬ, ਉਹ ਬੁੱਢੀ ਤਾਂ ਨਸ ਗਈ। ਓਹ ਲੁਕ ਗਈ।

ਥਾਣੇਦਾਰ : ਬੜੀ ਚਲਾਕ ਏ ਫਾਫਾਂ। ਠਹਿਰ ਮੈਂ ਆਇਆ।

ਬੰਤਾ : ਥਾਣੇਦਾਰ ਸਾਹਿਬ, ਮੁੜ ਆਓ, ਹਿਨੂੰ ਵੀ ਹੱਥੋਂ ਗੁਆ ਬੈਠਾਂਗੇ। ਏਸ ਸੰਢੇ ਨੂੰ ਤੁਸੀਂ ਈ ਸਾਂਭੋ ਮੇਰੇ ਵਲ ਸੂਰ ਵਾਂਗੂੰ ਘੂਰ ਘੂਰ ਕੇ ਵੇਖ ਰਿਹੈ।

ਥਾਣੇਦਾਰ : ਇਹ ਖ਼ੌਰੇ ਕੇਹਾ ਭੂਤ ਵਾੜਾ ! ਇਕ ਤੋਂ ਇਕ ਵਧ ਏ। ਚਲ ਤੋਰ ਇਨ੍ਹਾਂ ਨੂੰ

[ਬੰਤਾ ਮਹੰਤ ਅਤੇ ਸਾਧੂ ਨੂੰ ਸਾਂਝੀ ਹੱਥਕੜੀ ਠੋਕੀ ਅੱਗੇ ਅੱਗੇ ਚਲਦਾ ਹੈ। ਥਾਣੇਦਾਰ ਪਸਤੌਲ ਤਾਣੀ ਉਨ੍ਹਾਂ ਦ ਮਗਰ ਹੋ ਲੈਂਦਾ ਹੈ। ਗੁਰਾਂ ਉਨ੍ਹਾਂ ਦੇ ਪਿੱਛੇ ਪਿੱਛੇ ਲੜਖੜਾਂਦੀ ਜਾਂਦੀ ਹੈ।

ਕੁਝ ਦੇਰ ਬਾਅਦ ਪਿੰਡ ਵਲੋਂ ਉੱਚੀ ਉੱਚੀ ਨਾਹਰੇ ਸੁਣਾਈ ਦੇਂਦੇ ਹਨ। "ਮਹੰਤ ਚਰਨ ਦਾਸ ਜ਼ਿੰਦਾਬਾਦ", "ਮਹੰਤ ਚਰਨ ਦਾਸ ਨੂੰ ਵੋਟ ਪਾਓ", "ਮਹਾਨ ਪੁਰਸ਼ ਨੂੰ ਵੋਟ ਪਾਓ।"

ਥਾਣੇਦਾਰ ਬੰਤੇ ਨੂੰ ਜਲੂਸ ਦੀ ਸੇਧੇ ਜਾਣ ਲਈ ਹੁਕਮ ਦਿੰਦਾ ਹੈ। ਜਲੂਸ ਦਿਖਾਈ ਦੇਣ ਲਗ ਜਾਂਦਾ ਹੈ। ਭਲਵਾਨ, ਜ਼ੈਲਦਾਰ ਝੰਡੇ ਚੁੱਕੀ ਅਗੇ ਅਗੇ ਹਨ। ਉਨ੍ਹਾਂ ਨੂੰ ਦੇਖ ਕੇ ਲੋਕੀਂ ਜੋਸ਼ ਨਾਲ ਨਾਹਰੇ ਮਾਰਦੇ ਹਨ। ਮਹੰਤ ਨੂੰ ਹੱਥਕੜੀ ਲੱਗੀ ਦੇਖ ਕੇ ਸਭ ਠਠੰਬਰ ਜਾਂਦੇ ਹਨ। ਪਰ ਹੰਢਿਆ ਵਰਤਿਆ ਭਲਵਾਨ ਭੜਕ ਉਠਦਾ ਹੈ। ]

ਭਲਵਾਨ : ਮਹੰਤ ਨੂੰ ਕਿਹੜੇ ਫੜਿਆ ਹੈ? ਕਿਉਂ ਫੜਿਆ ਹੈ? (ਥਾਣੇਦਾਰ ਨੂੰ) ਛੇਤੀ ਜਵਾਬ ਦੇ।

ਥਾਣੇਦਾਰ : (ਗੁਰਾਂ ਨੂੰ ਫੜ ਕੇ ਜਲੂਸ ਅੱਗੇ ਖੜੀ ਕਰਦਾ ਹੋਇਆ ਇਸ਼ਾਰੇ ਨਾਲ) ਆਪਣੀ ਧੀ ਧਿਆਣੀ ਕੋਲੋਂ ਪੁੱਛੋ।

ਭਲਵਾਨ : ਹੈਂ ! ਸਾਡੇ ਪਿੰਡ ਦੀ ਲੜਕੀ !! ਮਹੰਤਾ, ਤੂੰ !!!

ਗੁਰਾਂ ਪ੍ਰਸ਼ਨ ਚਿੰਨ੍ਹ ਲਗੇ ਧੌਣ ਨੀਵੀਂ ਕਰਕੇ ਸਾਹਮਣੇ ਖੜੀ ਹੋ ਜਾਂਦੀ ਹੈ। ਉਸ ਨੂੰ ਦੇਖ ਕੇ ਪਿੰਡ ਦੇ ਸਭ ਲੋਕ ਬੁੱਤ ਬਣ ਜਾਂਦੇ ਹਨ। ਝੰਡੇ ਉਨ੍ਹਾਂ ਹੱਥੋਂ ਆਪਣੇ ਆਪ ਨੀਵੇਂ ਹੋ ਜਾਂਦੇ ਹਨ।

— ਪਰਦਾ —